ਸੰਕਟ ਮੋਚਨ ਸ਼ਬਦ

ਗਿ: ਨਰੈਣ ਸਿੰਘ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ
੧੦੮ ਸ਼ਬਦਾਂ ਵਾਲਾ

ਸ਼ਰਧਾ ਪੂਰਨ

- ਅਰਥਾਤ -

ਸੰਕਟ ਮੋਚਨ ਸ਼ਬਦ

ਗੁਰਸ਼ਬਦ ਸਿੱਧੀ

SIKHBOOKCLUB.COM

ਇਸ ਵਿਚ ਜੋ ਸ਼ਬਦ ਦਿਤੇ ਹਨ - ਵਿੱਧੀ ਅਨੁਸਾਰ ਸ਼ਬਦ ਦਾ ਪਾਠ ਕਰਨ ਨਾਲ ਸਭ ਪ੍ਰਕਾਰ ਦੇ ਸੰਕਟ, ਤਕਲੀਫਾਂ, ਬਿਮਾਰੀ, ਬੰਧਨ ਕਟੇ ਜਾਂਦੇ ਹਨ। ਮਨੋਂ - ਕਾਮਨਾਂ ਪੂਰੀਆਂ ਹੁੰਦੀਆਂ ਹਨ। ਸੁਖ ਪ੍ਰਾਪਤ ਹੁੰਦੇ ਹਨ। ਘਰ ਵਿਚ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ। ਵਾਹਿਗੁਰੂ ਦੀ ਅਪਾਰ ਕ੍ਰਿਪਾ ਹੁੰਦੀ ਹੈ।

ਸੰਗ੍ਰਹਿ ਕਰਤਾ:-

ਗਿਆਨੀ ਨਰੈਣ ਸਿੰਘ ਜੀ

ਪ੍ਰਕਾਸ਼ਕ-

ਜੀਵਨ ਪਬਲਿਸ਼ਰਜ

ਅੰਮ੍ਰਿਤਸਰ।

ਭੇਟਾ : 40-00

ੴ ਸਤਿਗੁਰ ਪ੍ਰਸਾਦਿ॥

ਸਰਬ ਰੋਗ ਕਾ ਅਉਖਦੁ ਨਾਮੁ॥

ਸੰਕਟ ਮੋਚਨ ਸ਼ਬਦ

ਇਸ ਪੁਸਤਕ ਵਿਚ ੧੦੮ ਸ਼ਬਦ ਗੁਰਬਾਣੀ ਦੇ ਹਨ।

ਪਾਠ ਕਰਨ ਦੀ ਵਿਧੀ ਇਸ ਪ੍ਰਕਾਰ ਹੈ:-

ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਇਕਾਂਤ ਜਗ੍ਹਾ ਤੇ ਆਸਣ ਲਗਾ ਕੇ ਬੈਠਣਾ। ਸਾਫ ਸੁਥਰੀ ਪਵਿੱਤਰ ਥਾਂ ਹੋਣੀ ਚਾਹੀਦੀ ਹੈ। ਪਾਠ ਕਰਨ ਸਮੇਂ ਆਪਣੇ ਪਾਸ ਪਾਣੀ ਦਾ ਗੜਵਾ ਰਖੋ। ਅਗਰਬੱਤੀ ਧੂਫ ਧੁਖਾਓ। ਸਤਿਗੁਰ ਦੇ ਚਰਨਾਂ ਵਿਚ ਧਿਆਨ ਟਿਕਾ ਕੇ, ਉਨ ਦੀ ਅਠੋਤਰੀ ਮਾਲਾ ਲੈ ਕੇ ਸ਼ਬਦ ਦਾ ਪਾਠ ਵਿਧੀ ਅਨੁਸਾਰ ਕਰੋ। ਜੋ ਮਨ ਵਿਚ ਭਾਵਨਾਂ ਹੋਵੇ, ਉਹ ਸ਼ਬਦ ਨਿਸਚੇ ਨਾਲ ਪੜ੍ਹੋ। ਉਹ ਭਾਵਨਾਂ ਪੂਰੀ ਹੋ ਜਾਵੇਗੀ। ਪਾਠ ਸਮਾਪਤ ਹੋਣ ਤੇ ਗੜਵੇ ਦਾ ਅੰਮ੍ਰਿਤ ਆਪ ਛਕੋ ਤੇ ਹੋਰਨਾਂ ਨੂੰ ਛਕਾਓ। ਦੁਕਾਨ ਅੰਦਰ, ਮਕਾਨ ਅੰਦਰ ਅੰਮ੍ਰਿਤ ਛਿੜਕੋ। ਪਾਠ ਕਰਨ ਸਮੇਂ ਕਿਸੇ ਨਾਲ ਗੱਲ ਬਾਤ ਨਹੀਂ ਕਰਨੀ। ਮਨ ਸ਼ਬਦ ਦੇ ਵਿਚ ਜੋੜਨਾ। ਨਾਮ ਦਾਰੂ ਹੈ, ਜੋ ਸਭ ਦੁਖਾਂ ਤਕਲੀਫ ਨੂੰ ਦੂਰ ਕਰਦਾ ਹੈ।

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥

ਸਭ ਦਾਤਾਂ, ਬਰਕਤਾਂ, ਖੁਸ਼ੀਆਂ ਮਿਲਦੀਆਂ ਹਨ। ਕੋਈ ਘਾਟ ਨਹੀਂ ਰਹਿੰਦੀ।

ਗਿਆਨੀ ਨਰੈਣ ਸਿੰਘ ਜੀ

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।

ਤਤਕਰਾ

ਸਰਬ ਇੱਛਾ ਪੂਰਨ ਮੂਲ ਮੰਤ੍ਰ ੫
ਗਿਆਨ, ਵੈਰਾਗ ਦੀ ਪ੍ਰਾਪਤੀ ੬
ਰਾਜ ਦਰਬਾਰੇ ਫਤਹਿ ੭
ਸੁਖਾਂ ਦੀ ਪ੍ਰਾਪਤੀ ਹੋਵੇ ੮
ਧਨ ਪ੍ਰਾਪਤ ਹੋਵੇ ੯
ਚੰਗੇ ਸਾਕ ਸਬੰਧੀ ਮਿਲਣ ੧੦
ਕਾਰੋਬਾਰ ਵਿਚ ਵਾਧਾ ੧੧
ਇੱਜ਼ਤ ਵਧੇ ੧੨
ਸਭ ਦਾਤਾਂ ਮਿਲਣ ੧੩
ਸਾਰਾ ਪ੍ਰਵਾਰ ਸੁਖੀ ਹੋਵੇ ੧੪
ਇਸਤ੍ਰੀ ਪੁਰਸ਼ ਦਾ ਵਿਰੋਧ ਹਟੇ ੧੫
ਡਰ ਭਉ ਦੂਰ ਹੋਵੇ ੧੬
ਪਤੀ ਪਤਨੀ ਦਾ ਪਿਆਰ ਵਧੇ ੧੭
ਮੁਕੱਦਮੇ ਵਿਚ ਜਿੱਤ ਹੋਵੇ ੧੮
ਅਚਨਚੇਤ ਧਨ ਦੀ ਪ੍ਰਾਪਤੀ ੧੯
ਕੈਦ ਤੋਂ ਛੁਟਕਾਰਾ ੨੦
ਰੋਗ ਦੂਰ ਹੋਵਣ ੨੧
ਮੁਕੱਦਮੇਂ ਚੋਂ ਬਰੀ ੨੨
ਸ਼ਾਂਤੀ ਮਿਲੇ, ਕਲੇਸ਼ ਹਟਣ ੨੩
ਸਰੀਰ ਦੀ ਪੀੜਾ ਹਟੇ ੨੪
ਹਰ ਤਰ੍ਹਾਂ ਦੀ ਰਖਿਆ ਹੋਵੇ ੨੫
ਪ੍ਰਵਾਰ ਸੁਖੀ ਹੋਵੇ ੨੬
ਇਸਤ੍ਰੀ ਪੁੱਤਰ ਧਨ ਦੀ ਪ੍ਰਾਪਤੀ ੨੭
ਅਨਾਜ ਦਾ ਲਾਭ ੨੮
ਸਮੇਂ ਸਿਰ ਵਰਖਾ ਹੋਵੇ ੨੯
ਬਿਪਤਾ ਹਟ ਜਾਵੇ ੩੦
ਮੁਰਾਦਾਂ ਪੂਰੀਆਂ ਹੋਵਣ ੩੧
ਵਾਹਿਗੁਰੂ ਵਿਚ ਮਨ ਜੁੜੇ ੩੨
ਗਰੀਬੀ ਦੂਰ ਹੋਵੇ ੩੩
ਮਿਲਾਪ ਹੋਵੇ ੩੪
ਨੰਗ, ਭੁੱਖ ਤੋਂ ਛੁਟਕਾਰਾ ੩੫
ਧਨ ਦੀ ਅਤੁੱਟ ਪ੍ਰਾਪਤੀ ੩੬
ਫੌਜਦਾਰੀ ਮੁਕੱਦਮੇ ਵਿਚ ਜਿੱਤ ੩੭
ਦੁਸ਼ਮਣ ਦਾ ਡਰ ਦੂਰ ਹੋਵੇ ੩੮
ਸੁਕਾ ਬੱਚਾ ਹਰਿਆ ਹੋਵੇ ੩੯
ਪੁਰਾਣਾ ਤਾਪ ਨਾਸ ਹੋਵੇ ੪੦
ਪਾਪ ਸਭ ਦੂਰ ਹੋਵਣ ੪੧
ਕਲਾ ਕਲੇਸ਼ ਮਿਟੇ ੪੨
ਚਿੰਤਾ ਫਿਕਰ ਤੋਂ ਛੁਟਕਾਰਾ ੪੩
ਚੰਗੇ ਪਤੀ ਦੀ ਪ੍ਰਾਪਤੀ ਲਈ ੪੪
ਨਿੰਦਕ ਨੂੰ ਸਜ਼ਾ ਮਿਲੇ ੪੫
ਇਸਤ੍ਰੀ ਮਰਦ ਨੂੰ ਵੱਸ ਕਰਨਾ ੪੬
ਨੇਤ੍ਰਾਂ ਦੀ ਰਖਿਆ ੪੭
ਦੁਖਾਂ ਦੀ ਨਵਿਰਤੀ ਲਈ ੪੮
ਮਨੋਂ ਕਾਮਨਾਂ ਪੂਰੀਆਂ ਹੋਣ ੪੯
ਸਾਰੇ ਕਾਰਜ ਸਿਧ ਹੋਣ ੫੦
ਇੱਜ਼ਤ ਵਧੇ, ਮਾਨ ਸਤਕਾਰ ਵਧੇ ੫੧
ਪ੍ਰਮਾਤਮਾ ਹਰ ਥਾਂ ਸਹਾਈ ਹੋਵੇ ੫੨
ਸਰੀਰ ਸੰਤਾਨ ਦੀ ਰਖਿਆ ੫੩
ਬੱਚੇ ਨੂੰ ਕੋਈ ਤਕਲੀਫ ਨਾ ਹੋਵੇ ੫੪
ਬਾਲਕ ਦੀ ਸਦਾ ਰੱਖਿਆ ਹੋਵੇ ੫੫
ਖੇਤੀਬਾੜੀ, ਬਾਗ ਬਗੀਚਾ ੫੬

SIKHBOOKCLUB.COM

ਬੁਧ ਨਿਰਮਲ ਹੋਵੇ	੫੭	ਪ੍ਰਦੇਸ਼ ਜਾਣ ਲਗਿਆਂ	੮੫
ਅਟਕੇ ਕੰਮ ਰਾਸ ਹੋਵਣ	੫੮	ਦੇਹ ਅਰੋਗ ਹੋ ਜਾਵੇ	੮੬
ਵੈਰੀਆਂ ਤੋਂ ਬਚਾ ਹੋਵੇ	੫੯	ਗਿਆਨ ਦੀ ਪ੍ਰਾਪਤੀ ਹੋਵੇ	੮੭
ਵਿਦਿਆ ਪ੍ਰਾਪਤ ਹੋਵੇ	੬੦	ਗਰਭ ਦੀ ਰਖਿਆ	੮੮
ਮਿੱਤਰਾਂ ਨਾਲ ਮਿਲਾਪ	੬੧	ਪੇਟ ਦੇ ਰੋਗ ਹਟਣ	੮੯
ਜ਼ਾਲਮ ਦਾ ਨਾਸ ਹੋਵੇ	੬੨	ਗਰੀਬੀ ਦੂਰ ਹੋਵੇ	੯੦
ਸੁੱਖਾਂ ਦੀ ਪ੍ਰਾਪਤੀ	੬੩	ਅਨੰਦ ਪ੍ਰਾਪਤੀ ਹੋਵੇ	੯੧
ਮੁਸ਼ਕਲਾਂ ਤੋਂ ਬਚਾ ਵਾਸਤੇ	੬੪	ਚਾਰ ਪਦਾਰਥਾਂ ਦੀ ਪ੍ਰਾਪਤੀ	੯੨
ਬੱਚੇ ਦੀ ਰੱਖਿਆ ਹੋਵੇ	੬੫	ਕਲੇਸ਼ਾਂ ਤੋਂ ਬਚਾਉ	੯੩
ਦੁਖ ਦੂਰ ਹੋਵਣ	੬੬	ਕਠਨ ਕੰਮ ਸੁਖੈਨ ਹੋਣ	੯੪
ਬੀਮਾਰੀ ਹਟੇ	੬੭	ਰੋਗ ਮਿਟਣ	੯੫
ਪੁੱਤਰ ਪ੍ਰਾਪਤੀ ਲਈ	੬੮	ਝਗੜੇ ਖ਼ਤਮ ਹੋਣ	੯੬
ਹੰਕਾਰ ਟੁੱਟੇ	੬੯	ਦਿਲ ਦੀਆਂ ਚਿੰਤਾਂ ਦੂਰ	੯੭
ਸਾਇਆ ਦੂਰ ਹੋਵੇ	੭੦	ਸਭ ਕੰਮਾਂ ਦੀ ਸਿੱਧੀ ਲਈ	੯੮
ਬਿਪਤਾ ਦੂਰ ਹੋਵੇ	੭੧	ਤਾਪ ਸੰਤਾਪ ਦੂਰ ਹੋਵਣ	੯੯
ਸੀਤਲਾ ਤੋਂ ਰੱਖਿਆ	੭੨	ਸੁਖ ਮਿਲੇ	੧੦੦
ਬੰਧਨ ਟੁੱਟਣ	੭੩	ਸਭ ਪਦਾਰਥ ਮਿਲਣ	੧੦੧
ਬੱਚੇ ਦੇ ਦੁਖ ਦੂਰ ਹੋਣ	੭੪	ਸੁਖ ਪ੍ਰਾਪਤ ਹੋਵੇ	੧੦੨
ਅੰਮ੍ਰਿਤਸਰ ਸਰੋਵਰ	੭੫	ਗੁਰੂ ਅੰਗ ਸੰਗ ਹੋਵੇ	੧੦੩
ਪਰਦੇਸ ਵਿਚ ਰੱਖਿਆ	੭੬	ਚਾਰੇ ਪਦਾਰਥ ਪ੍ਰਾਪਤ ਹੋਣ	੧੦੪
ਸੋਹਰੇ ਮਾਨ ਹੋਵੇ	੭੭	ਰਾਜ ਦਰਬਾਰੋਂ ਸਿਰੋਪਾਓ	੧੦੫
ਕੋਹੜ ਰੋਗ ਦੂਰ ਹੋਵੇ	੭੮	ਫਾਂਸੀ ਤੋਂ ਛੁਟਕਾਰਾ	੧੦੬
ਅੱਧੇ ਸਿਰ ਦੀ ਪੀੜ ਹਟੇ	੭੯	ਬੁਧੀ ਤੇਜ਼ ਹੋਵੇ	੧੦੭
ਕੋਈ ਮੁਸ਼ਕਲ ਨਾ ਆਵੇ	੮੦	ਸੰਤਾਨ ਦਾ ਸੁਖ	੧੦੮
ਵੱਡਾ ਮੁਰਾਤਬਾ ਪ੍ਰਾਪਤ ਹੋਵੇ	੮੧	ਪ੍ਰਦੇਸੋਂ ਪਤੀ ਘਰ ਆਵੇ	੧੦੯
ਸੁਹਾਗਵੰਤੀ ਰਵ੍ਹੇ	੮੨	ਡਰ ਭੈ ਹਟੇ	੧੧੦
ਬੱਚਾ ਦੁਖ ਰੋਗ ਤੋਂ ਬਚੇ	੮੩	ਰਾਸ ਪੂੰਜੀ ਵਿਚ ਵਾਧਾ	੧੧੧
ਪ੍ਰਮੇਸ਼ਰ ਵਲੋਂ ਰੱਖਿਆ	੮੪	ਪੁੱਤਰ ਦੀ ਰੱਖਿਆ	੧੧੨

ਸ਼ਬਦ ਨੰਬਰ ੧

ਸਰਬ ਇੱਛਾਂ,
ਕਾਰਜ ਪੂਰੇ ਕਰਨ ਵਾਲਾ ਮੂਲ ਮੰਤ੍ਰ

ੴ ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥
ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥

SIKHBOOKCLUB.COM

ਇਸ ਮੂਲ ਮੰਤਰ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਆਸਣ ਵਿਛਾ ਕੇ ਧਿਆਨ ਗੁਰੂ ਨਾਨਕ ਦੇ ਚਰਨਾਂ ਵਿਚ ਜੋੜ ਕੇ ੧੦੮ ਵਾਰੀ ਰੋਜ਼ ਪੜ੍ਹਨਾ ੪੧ ਦਿਨ। ਪਾਣੀ ਦਾ ਗੜਵਾ ਕੋਲ ਰਖਣਾ, ਅਗਰਬਤੀ ਧੁਖਾਣੀ। ਉਸ ਜਲ ਨੂੰ ਮਕਾਨ ਵਿਚ, ਦੁਕਾਨ ਵਿਚ ਛਿੜਕਣਾ। ਆਪ ਜਲ ਛਕਣਾ, ਪਰਵਾਰ ਨੂੰ ਛਕਾਉਣਾ। ਸਰਬ ਇੱਛਾਂ ਤੇ ਮਨੋ ਕਾਮਨਾਂ ਪੂਰੀਆਂ ਹੋਣਗੀਆਂ।

ਸ਼ਬਦ ਨੰਬਰ ੨

ਗਿਆਨ, ਵੈਰਾਗ ਦੀ ਪ੍ਰਾਪਤੀ

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ੧॥

ਇਸ ਸ਼ਬਦ ਦਾ ਪੰਜ ਹਜ਼ਾਰ ਪਾਠ ਬੁਧਵਾਰ ਤੋਂ ਆਰੰਭ ਕਰ ਕੇ ੨੧ ਦਿਨ ਵਿਚ ਕਰੇ ਤਾਂ ਗਿਆਨ, ਵੈਰਾਗ ਤੇ ਸੱਚ ਦੀ ਪ੍ਰਾਪਤੀ ਹੁੰਦੀ ਹੈ।।

SIKHBOOKCLUB.COM

ਸ਼ਬਦ ਨੰਬਰ ੩

ਰਾਜ ਦਰਬਾਰ ਵਿਚ ਮਾਨ ਪਾਵੇ, ਨੌਕਰੀ ਹੋਵੇ ਤਾਂ ਤਰੱਕੀ ਪਾਵੇ, ਜੇ ਕੋਈ ਮੁਕਦਮਾ ਹੋਵੇ ਤਾਂ ਫਤਹਿ ਹੋਵੇ

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥ ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥ ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥ ੪॥

ਇਸ ਸ਼ਬਦ ਦਾ ੨੧ ਦਿਨ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਪਾਠ ਕਰੇ ੧੦੮ ਵਾਰੀ ਰੋਜ਼, ਰਾਜ ਦਰਬਾਰੇ ਫਤੇ ਹੋਵੇ, ਮੁਕਦਮਾ ਜਿਤੇ, ਨੌਕਰੀ ਵਿਚ ਤਰੱਕੀ ਹੋਵੇ।

ਸ਼ਬਦ ਨੰਬਰ ੪

ਸਾਰਿਆਂ ਜਪਾਂ, ਤਪਾਂ ਦੇ ਪਾਠਾਂ ਦਾ ਫਲ ਪ੍ਰਾਪਤ ਹੋਵੇ

ਅਸੰਖ ਜਪ ਅਸੰਖ ਭਾਉ॥ ਅਸੰਖ ਪੂਜਾ ਅਸੰਖ ਤਪ ਤਾਉ॥ ਅਸੰਖ ਗਰੰਥ ਮੁਖਿ ਵੇਦ ਪਾਠ॥ ਅਸੰਖ ਜੋਗ ਮਨਿ ਰਹਹਿ ਉਦਾਸ॥ ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ॥ ਅਸੰਖ ਸੂਰ ਮੁਹ ਭਖ ਸਾਰ॥ ਅਸੰਖ ਮੋਨਿ ਲਿਵ ਲਾਇ ਤਾਰ॥ ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥ ੧੭॥

ਇਸ ਸ਼ਬਦ ਦੇ ਨਿਤ ੫੧ ਪਾਠ ਕਰਨੇ। ਸੁਚ ਪਵਿਤਰ ਹੋ ਕਰ ੨੧ ਦਿਨ। ਸਭ ਜਪ ਤਪ ਪੂਜਾ ਪਾਠ ਦਾ ਫਲ ਪ੍ਰਾਪਤ ਹੋਵੇ ਹਿਰਦਾ ਸ਼ੁਧ ਹੋਵੇ।

ਸ਼ਬਦ ਨੰਬਰ ੫

ਬੇਅੰਤ ਧਨ ਦੀ ਪ੍ਰਾਪਤੀ ਹੋਵੇ

ਗਉੜੀ ਸੁਖਮਨੀ ਮਹਲਾ ੫॥

ਨਿਰਧਨ ਕਉ ਧਨੁ ਤੇਰੋ ਨਾਉ॥ ਨਿਥਾਵੇ ਕਉ ਨਾਉ ਤੇਰਾ ਥਾਉ॥ ਨਿਮਾਨੇ ਕਉ ਪ੍ਰਭ ਤੇਰੋ ਮਾਨੁ॥ ਸਗਲ ਘਟਾ ਕਉ ਦੇਵਹੁ ਦਾਨੁ॥ ਕਰਨ ਕਰਾਵਨਹਾਰ ਸੁਆਮੀ॥ ਸਗਲ ਘਟਾ ਕੇ ਅੰਤਰਜਾਮੀ॥ ਅਪਨੀ ਗਤਿ ਮਿਤਿ ਜਾਨਹੁ ਆਪੇ॥ ਆਪਨ ਸੰਗਿ ਆਪਿ ਪ੍ਰਭ ਰਾਤੇ॥ ਤੁਮ੍ਹਰੀ ਉਸਤਤਿ ਤੁਮ ਤੇ ਹੋਇ॥ ਨਾਨਕ ਅਵਰੁ ਨ ਜਾਨਸਿ ਕੋਇ॥ ੭॥

ਇਸ ਸ਼ਬਦ ਨੂੰ ੨੧ ਦਿਨ ਹਰ ਰੋਜ਼ ੧੦੧ ਵਾਰ ਜਪਣ ਨਾਲ ਬਹੁਤ ਧਨ ਪ੍ਰਾਪਤ ਹੋਵੇ, ਅਨਾਜ ਦੀ ਕਦੀ ਤੋਟ ਨਾ ਆਵੇ।

ਸ਼ਬਦ ਨੰਬਰ ੬

ਸਾਕ ਕਰਨ ਲਗਿਆਂ ਚੰਗੇ ਸਾਕ ਸਬੰਧੀਆਂ ਨਾਲ ਮੇਲ ਹੋਵੇ, ਭਲੇ ਪੁਰਸ਼ ਮਿਲਣ

ਰਾਗੁ ਸੂਹੀ ਮਹਲਾ ੧ ਘਰੁ ੩ ॥ (ਪੰਨਾ ੭੬੪)

ੴ ਸਤਿਗੁਰ ਪ੍ਰਸਾਦਿ॥ ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥ ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥ ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ॥ ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ॥ ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ॥ ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ॥ ੧॥

ਇਸ ਸ਼ਬਦ ਦਾ ੧੦੧ ਪਾਠ ੪੧ ਦਿਨ ਨੇਮ ਨਾਲ ਕਰਨ ਨਾਲ ਲੜਕੀ ਲੜਕੇ ਦਾ ਰਿਸ਼ਤਾ ਚੰਗੇ ਘਰ ਹੋਵੇ ਤੇ ਆਪਸ 'ਚ ਬਣੇ ।

ਸ਼ਬਦ ਨੰਬਰ ੭

ਕਾਰੋਬਾਰ ਵਿਚ ਵਾਧਾ ਹੋਵੇ

ਗੂਜਰੀ ਮਹਲਾ ੫ ਚਉਪਦੇ ਘਰੁ ੧॥ (ਪੰਨਾ ੪੯੫)

ੴ ਸਤਿਗੁਰ ਪ੍ਰਸਾਦਿ॥

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥ ੧॥ ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ॥ ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥ ੧॥ ਰਹਾਉ॥ ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ॥ ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ॥ ੨॥ ਊਡੈ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥ ਉਨ ਕਵਨੁ ਖਲਾਵੈ ਕਵਨੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥ ੩॥ ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ॥ ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ॥ ੪॥ ੧॥

ਇਸ ਸ਼ਬਦ ਦਾ ੧੧ ਦਿਨ ੧੦੧ ਰੋਜ਼ ਪਾਠ ਕਰੋ ਅੰਮ੍ਰਿਤ ਵੇਲੇ, ਕਾਰੋਬਾਰ ਵਿਚ ਧਨ ਦੀ ਆਮਦਨ ਵਧੇ।

ਸ਼ਬਦ ਨੰਬਰ ੮

ਰਾਜ ਦਰਬਾਰ ਵਿਖੇ ਮਾਣ ਪਾਵੇ

ਸੋਰਠਿ ਮਹਲਾ ੫॥ (ਪੰਨਾ ੬੩੧)

ਜੀਅ ਜੰਤ ਸਭਿ ਵਸਿ ਕਰਿ ਦੀਨੇ ਸੇਵਕ ਸਭਿ ਦਰਬਾਰੇ॥ ਅੰਗੀਕਾਰੁ ਕੀਓ ਪ੍ਰਭ ਅਪੁਨੇ ਭਵ ਨਿਧਿ ਪਾਰਿ ਉਤਾਰੇ॥ ੧॥ ਸੰਤਨ ਕੇ ਕਾਰਜ ਸਗਲ ਸਵਾਰੇ॥ ਦੀਨ ਦਇਆਲ ਕ੍ਰਿਪਾਲ ਕ੍ਰਿਪਾ ਨਿਧਿ ਪੂਰਨ ਖਸਮ ਹਮਾਰੇ॥ ਰਹਾਉ॥ ਆਉ ਬੈਠੁ ਆਦਰੁ ਸਭ ਥਾਈ ਊਨ ਨ ਕਤਹੂੰ ਬਾਤਾ॥ ਭਗਤਿ ਸਿਰਪਾਉ ਦੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭ ਜਾਤਾ॥ ੨॥ ੩੦॥ ੬੪॥

ਇਸ ਸ਼ਬਦ ਦੇ ੫੧ ਪਾਠ ੪੧ ਦਿਨ ਹਰ ਰੋਜ਼ ਕਰਨ ਨਾਲ ਰਾਜ ਦਰਬਾਰ 'ਚ ਇੱਜ਼ਤ ਵਧੇ, ਨੌਕਰੀ ਵਿਚ ਤਰੱਕੀ ਹੋਵੇ, ਨੌਕਰੀ ਮਿਲੇ।

ਸ਼ਬਦ ਨੰਬਰ ੯

ਰਿਧੀਆਂ ਸਿਧੀਆਂ ਪ੍ਰਾਪਤ ਹੋਣ

ਸਿਰੀਰਾਗੁ ਮਹਲਾ ੫॥ (ਪੰਨਾ ੪੪)

ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ॥ ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ॥ ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ॥ ੧॥ ਮੇਰੇ ਮਨ ਏਕਸ ਸਿਉ ਚਿਤੁ ਲਾਇ॥ ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ॥ ੧॥ ਰਹਾਉ॥ ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥ ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ॥ ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ॥ ੨॥ ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ॥ ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ॥ ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ॥ ੩॥ ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ॥ ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ॥ ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ॥ ੪॥ ੬॥ ੭੬॥

ਇਹ ਸ਼ਬਦ ੪੧ ਦਿਨ ੧੦੧ ਵਾਰੀ ਰੋਜ਼ ਇਕਾਂਤ ਬੈਠਕੇ ਜਪੇ, ਨੌਕਰੀ ਵਿਚ ਤਰੱਕੀ, ਔਹੁਦਾ ਵਧੇ, ਵਪਾਰੀ ਪਾਠ ਕਰੇ ਤਾਂ ਕਾਰੋਬਾਰ ਵਿਚ ਤਰੱਕੀ ਹੋਵੇ, ਸਾਧੂ ਮਹਾਤਮਾ ਜਪੇ ਤਾਂ ਰਿਧੀਆਂ ਸਿਧੀਆਂ ਪ੍ਰਾਪਤ ਹੋਣ।

ਸ਼ਬਦ ਨੰਬਰ ੧੦

ਦੁਨੀਆਂ ਭਰ ਦੇ ਸੁਖਾਂ ਦੀ ਪ੍ਰਾਪਤੀ ਹੋਵੇ, ਮਨ ਦੀ ਇੱਛਾ ਅਨੁਸਾਰ ਫਲ ਮਿਲੇ

ਰਾਗੁ ਆਸਾ ਮਹਲਾ ੫ ਛੰਤੁ ਘਰੁ ੧॥ (ਪੰਨਾ ੪੫੨)

ਨਵ ਨਿਧੇ ਨਉ ਨਿਧੇ ਮੇਰੇ ਘਰ ਮਹਿ ਆਈ ਰਾਮ॥ ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ॥ ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ॥ ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ॥ ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ॥ ਕਹੁ ਨਾਨਕ ਪਿਰੁ ਮੇਰੈ ਸੰਗੇ ਤਾ ਮੈ ਨਵ ਨਿਧਿ ਪਾਈ॥ ੩॥

ਇਸ ਸ਼ਬਦ ਦੇ ੫੧ ਪਾਠ ਰੋਜ਼ਾਨਾ ੨੧ ਦਿਨ ਕਰਨ ਨਾਲ ਸਾਰੇ ਘਰ 'ਚ ਸੁਖਾਂ ਦੀ ਪ੍ਰਾਪਤੀ ਹੋਵੇ।

ਸ਼ਬਦ ਨੰਬਰ ੧੧

ਪਰਵਾਰ ਵਿਚ ਸੁਖ, ਕਾਰੋਬਾਰ ਵਿਚ ਵਾਧਾ

ਸਿਰੀਰਾਗੁ ਮਹਲਾ ੫॥ (ਪੰਨਾ-੪੭)

ਮੇਰਾ ਤਨੁ ਅਰੁ ਧਨੁ ਮੇਰਾ ਰਾਜ ਰੂਪ ਮੈ ਦੇਸੁ॥ ਸੁਤ ਦਾਰਾ ਬਨਿਤਾ ਅਨੇਕ ਬਹੁਤੁ ਰੰਗ ਅਰੁ ਵੇਸ॥ ਹਰਿ ਨਾਮੁ ਰਿਦੈ ਨ ਵਸਈ ਕਾਰਜਿ ਕਿਤੈ ਨ ਲੇਖਿ॥ ੧॥ ਮੇਰੇ ਮਨ ਹਰਿ ਹਰਿ ਨਾਮੁ ਧਿਆਇ॥ ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ॥ ੧॥ ਰਹਾਉ॥ ਨਾਮੁ ਨਿਧਾਨੁ ਧਿਆਈਐ ਮਸਤਕਿ ਹੋਵੈ ਭਾਗੁ॥ ਕਾਰਜ ਸਭਿ ਸਵਾਰੀਅਹਿ ਗੁਰ ਕੀ ਚਰਣੀ ਲਾਗੁ॥ ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਗੁ॥ ੨॥ ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ॥ ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ॥ ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ॥ ੩॥ ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ ਹਾਥਿ॥ ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ॥ ਨਾਨਕ ਪ੍ਰਭ ਸਰਣਾਗਤੀ ਸਰਬ ਘਟਾ ਕੇ ਨਾਥ॥ ੪॥ ੧੫॥ ੮੫॥

ਇਹ ਸ਼ਬਦ ੪੧ ਦਿਨ ੧੦੧ ਰੋਜ਼ ਜਪੇ, ਤਰੱਕੀ ਹੋਵੇ, ਪਰਵਾਰ ਵਿਚ ਵਾਧਾ, ਘਰ ਵਿਚ ਅਨੰਦ ਮੰਗਲਾਚਾਰ ਹੋਵਣ, ਇਸਤਰੀ ਭਰਤੇ ਦਾ ਵਿਰੋਧ ਹਟੇ, ਪ੍ਰੇਮ ਵਧੇ।

SIKHBOOKCLUB.COM

ਸ਼ਬਦ ਨੰਬਰ ੧੩

ਪਤੀ ਪਤਨੀ ਦੀ ਲੜਾਈ ਦੂਰ ਹੋਵੇ

ਮਾਝ ਮਹਲਾ ੫॥ (ਪੰਨਾ-੯੭)

ਜਿਤੁ ਘਰਿ ਪਿਰਿ ਸੋਹਾਗੁ ਬਣਾਇਆ॥ ਤਿਤੁ ਘਰਿ ਸਖੀਏ ਮੰਗਲੁ ਗਾਇਆ॥ ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ॥ ੧॥ ਸਾ ਗੁਣਵੰਤੀ ਸਾ ਵਡਭਾਗਣਿ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ॥ ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ॥ ੨॥ ਅਚਾਰਵੰਤਿ ਸਾਈ ਪਰਧਾਨੇ॥ ਸਭ ਸਿੰਗਾਰ ਬਣੇ ਤਿਸੁ ਗਿਆਨੇ॥ ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ॥ ੩॥ ਮਹਿਮਾ ਤਿਸ ਕੀ ਕਹਣੁ ਨ ਜਾਏ॥ ਜੋ ਪਿਰਿ ਮੇਲਿ ਲਈ ਅੰਗਿ ਲਾਏ॥ ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ॥ ੪॥ ੪॥ ੧੧॥

ਇਹ ਸ਼ਬਦ ੨੧ ਦਿਨ ੧੦੧ ਵਾਰੀ ਰੋਜ਼ ਜਪੇ, ਘਰ ਵਿਚ ਸੁਖ ਮੰਗਲਾਚਾਰ ਬਣੇ ਰਹਿਣ, ਪਤੀ ਪਤਨੀ ਦਾ ਪਿਆਰ ਵਧੇ।

ਸ਼ਬਦ ਨੰਬਰ ੧੪

ਪਾਪਾਂ ਤੋਂ ਛੁਟਕਾਰਾ ਮਿਲੇ ਤੇ ਮੁਕੱਦਮੇ ਵਿਚ ਜਿੱਤ ਮਿਲੇ

ਧਨਾਸਰੀ ਮਹਲਾ ੫॥ (ਪੰਨਾ-੬੭੪)

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ॥ ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ॥ ੧॥ ਜਿਹਵਾ ਏਕ ਕਵਨ ਗੁਨ ਕਹੀਐ॥ ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ॥ ੧॥ ਰਹਾਉ॥ ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ॥ ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ॥ ੨॥ ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥ ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥ ੩॥ ੧੨॥

ਇਸ ਸ਼ਬਦ ਦੇ ਰੋਜ਼ ੫੧ ਪਾਠ ੪੦ ਦਿਨ ਕਰਨ ਨਾਲ ਪਾਪਾਂ ਦੀ ਨਵਿਰਤੀ ਹੋਵੇ ਤੇ ਸ਼ਾਂਤੀ ਮਿਲੇ।

ਸ਼ਬਦ ਨੰਬਰ ੧੫

ਧਨ ਦੀ ਪ੍ਰਾਪਤੀ ਹੋਵੇ ਅਤੇ ਅਚਨਚੇਤ ਗੁਪਤ ਪਦਾਰਥ ਮਿਲੇ

ਗਉੜੀ ਗੁਆਰੇਰੀ ਮਹਲਾ ੫॥ (ਪੰਨਾ-੧੮੫)

ਹਮ ਧਨਵੰਤ ਭਾਗਠ ਸਚ ਨਾਇ॥ ਹਰਿ ਗੁਣ ਗਾਵਹ ਸਹਜਿ ਸੁਭਾਇ॥ ੧॥ ਰਹਾਉ॥ ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥ ੧॥ ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੂਟ ਅਤੋਲ॥ ੨॥ ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥ ੩॥ ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥ ਸੁ ਏਤੁ ਖਜਾਨੈ ਲਇਆ ਰਲਾਇ॥ ੪॥ ੩੧॥ ੧੦੦॥

ਇਹ ਸ਼ਬਦ ੪੦ ਦਿਨ ੧੦੧ ਵਾਰੀ ਰੋਜ਼ ਜਪਣਾ, ਧਨ ਦੀ ਪ੍ਰਾਪਤੀ ਹੋਵੇ, ਆਮਦਨ 'ਚ ਵਾਧਾ ਹੋਵੇ।

ਸ਼ਬਦ ਨੰਬਰ ੧੯

ਬੰਧਨਾਂ ਤੋਂ ਛੁਟਕਾਰਾ ਪਾਵੇ, ਮੁਸ਼ਕਲਾਂ ਅਸਾਨ ਹੋਣ

ਗਉੜੀ ਗੁਆਰੇਰੀ ਮਹਲਾ ੫॥ (ਪੰਨਾ-੧੮੩)

ਬੰਧਨ ਤੋੜਿ ਬੋਲਾਵੈ ਰਾਮੁ॥ ਮਨ ਮਹਿ ਲਾਗੈ ਸਾਚੁ ਧਿਆਨੁ॥ ਮਿਟਹਿ ਕਲੇਸ ਸੁਖੀ ਹੋਇ ਰਹੀਐ॥ ਐਸਾ ਦਾਤਾ ਸਤਿਗੁਰੁ ਕਹੀਐ॥ ੧॥ ਸੋ ਸੁਖਦਾਤਾ ਜਿ ਨਾਮੁ ਜਪਾਵੈ॥ ਕਰਿ ਕਿਰਪਾ ਤਿਸੁ ਸੰਗਿ ਮਿਲਾਵੈ॥ ੧॥ ਰਹਾਉ॥ ਜਿਸੁ ਹੋਇ ਦਇਆਲੁ ਤਿਸੁ ਆਪਿ ਮਿਲਾਵੈ॥ ਸਰਬ ਨਿਧਾਨ ਗੁਰੂ ਤੇ ਪਾਵੈ॥ ਆਪੁ ਤਿਆਗਿ ਮਿਟੈ ਆਵਣ ਜਾਣਾ॥ ਸਾਧ ਕੈ ਸੰਗਿ ਪਾਰਬ੍ਰਹਮੁ ਪਛਾਣਾ॥ ੨॥ ਜਨ ਊਪਰਿ ਪ੍ਰਭ ਭਏ ਦਇਆਲ॥ ਜਨ ਕੀ ਟੇਕ ਏਕ ਗੋਪਾਲ॥ ਏਕਾ ਲਿਵ ਏਕੋ ਮਨਿ ਭਾਉ॥ ਸਰਬ ਨਿਧਾਨ ਜਨ ਕੈ ਹਰਿ ਨਾਉ॥ ੩॥ ਪਾਰਬ੍ਰਹਮ ਸਿਉ ਲਾਗੀ ਪ੍ਰੀਤਿ॥ ਨਿਰਮਲ ਕਰਣੀ ਸਾਚੀ ਰੀਤਿ॥ ਗੁਰਿ ਪੂਰੈ ਮੇਟਿਆ ਅੰਧਿਆਰਾ॥ ਨਾਨਕ ਕਾ ਪ੍ਰਭੁ ਅਪਰ ਅਪਾਰਾ॥ ੪॥ ੨੪॥ ੯੩॥

ਇਹ ਸ਼ਬਦ ੪੦ ਦਿਨ ਜਪਣਾ ੧੦੮ ਵਾਰੀ ਰੋਜ਼, ਬੰਧਨਾਂ ਅਤੇ ਕੈਦ ਤੋਂ ਛੁਟਕਾਰਾ ਹੋਵੇ, ਮੁਸ਼ਕਲਾਂ ਅਸਾਨ ਹੋਵਣ।

ਸ਼ਬਦ ਨੰਬਰ ੧੭

ਰੁਕੇ ਕੰਮ ਜਲਦੀ ਰਾਸ ਹੋਵਣ

ਮਾਝ ਮਹਲਾ ੫ ॥ (ਪੰਨਾ-੯੮)

ਪਾਰਬ੍ਰਹਮ ਅਪਰੰਪਰ ਦੇਵਾ ॥ ਅਗਮ ਅਗੋਚਰ ਅਲਖ ਅਭੇਵਾ ॥ ਦੀਨ ਦਇਆਲ ਗੋਪਾਲ ਗੋਬਿੰਦਾ ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ ॥ ੧ ॥ ਗੁਰਮੁਖਿ ਮਧੁਸੂਦਨੁ ਨਿਸਤਾਰੇ ॥ ਗੁਰਮੁਖਿ ਸੰਗੀ ਕ੍ਰਿਸਨ ਮੁਰਾਰੇ ॥ ਦਇਆਲ ਦਮੋਦਰੁ ਗੁਰਮੁਖਿ ਪਾਈਐ ਹੋਰਤੁ ਕਿਤੈ ਨ ਭਾਤੀ ਜੀਉ ॥ ੨ ॥ ਨਿਰਹਾਰੀ ਕੇਸਵ ਨਿਰਵੈਰਾ ॥ ਕੋਟਿ ਜਨਾ ਜਾ ਕੇ ਪੂਜਹਿ ਪੈਰਾ ॥ ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ ਸੋਈ ਭਗਤੁ ਇਕਾਤੀ ਜੀਉ ॥ ੩ ॥ ਅਮੋਘ ਦਰਸਨ ਬੇਅੰਤ ਅਪਾਰਾ ॥ ਵਡ ਸਮਰਥੁ ਸਦਾ ਦਾਤਾਰਾ ॥ ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ ਗਤਿ ਨਾਨਕ ਵਿਰਲੀ ਜਾਤੀ ਜੀਉ ॥ ੪ ॥ ੬ ॥ ੧੩ ॥

ਇਹ ਸ਼ਬਦ ੪੧ ਦਿਨ ੧੦੧ ਵਾਰੀ ਰੋਜ਼ ਜਪੋ, ਸਰਬ ਦੁਖ ਰੋਗ ਸੰਤਾਪ ਦੂਰ ਹੋਵਣ, ਰੁਕੇ ਕੰਮ ਜਲਦੀ ਰਾਸ ਹੋਵਣ।

ਸ਼ਬਦ ਨੰਬਰ ੧੮

ਦੁਖ ਰੋਗ ਤੇ ਚਿੰਤਾ ਦੂਰ ਹੋਵੇ, ਮੁਕੱਦਮੇਂ ਵਿਚੋਂ ਵੀ ਬਰੀ ਹੋਵੇ

ਮਾਝ ਮਹਲਾ ੫॥ (ਪੰਨਾ-੯੮)

ਦੁਖੁ ਤਦੇ ਜਾ ਵਿਸਰਿ ਜਾਵੈ॥ ਭੁਖ ਵਿਆਪੈ ਬਹੁ ਬਿਧਿ ਧਾਵੈ॥ ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ॥ ੧॥ ਸਤਿਗੁਰੁ ਮੇਰਾ ਵਡ ਸਮਰਥਾ॥ ਜੀਇ ਸਮਾਲੀ ਤਾ ਸਭੁ ਦੁਖੁ ਲਥਾ॥ ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ॥ ੨॥ ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ॥ ਦੇ ਦੇ ਤੋਟਿ ਨਾਹੀ ਪ੍ਰਭ ਰੰਗਾ॥ ਪੈਰੀ ਪੈ ਪੈ ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ॥ ੩॥ ਹਉ ਬਲਿਹਾਰੀ ਸਤਿਗੁਰ ਪੂਰੇ॥ ਜਿਨਿ ਬੰਧਨ ਕਾਟੇ ਸਗਲੇ ਮੇਰੇ॥ ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ. ਜੀਉ॥ ੪॥ ੮॥ ੧੫॥

ਇਹ ਸ਼ਬਦ ੪੦ ਦਿਨ ੧੦੮ ਵਾਰੀ ਰੋਜ਼ ਜਪੋ, ਦੁਖ ਰੋਗ, ਚਿੰਤਾ ਸੰਕਟ ਸਭ ਦੂਰ ਹੋਵਣ, ਮੁਕੱਦਮੇ ਦੇ ਬੰਧਨ ਕੱਟੇ ਜਾਵਣ ਤੇ ਜਾਨ ਨੂੰ ਸੁਖ ਹੋਵੇ।

ਸ਼ਬਦ ਨੰਬਰ ੧੯

ਕਲੇਸ਼ ਦੂਰ ਹੋਵੇ ਤੇ ਘਰ ਵਿਚ ਸ਼ਾਂਤੀ ਆਵੇ

ਸੋਰਠਿ ਮਹਲਾ ੫॥ (ਪੰਨਾ-੬੧੯)

ਗਏ ਕਲੇਸ ਰੋਗ ਸਭਿ ਨਾਸੇ ਪ੍ਰਭਿ ਅਪੁਨੈ ਕਿਰਪਾ ਧਾਰੀ॥ ਆਠ ਪਹਰ ਆਰਾਧਹੁ ਸੁਆਮੀ ਪੂਰਨ ਘਾਲ ਹਮਾਰੀ॥੧॥ ਹਰਿ ਜੀਉ ਤੂ ਸੁਖ ਸੰਪਤਿ ਰਾਸਿ॥ ਰਾਖਿ ਲੈਹੁ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ॥ ਰਹਾਉ॥ ਜੋ ਮਾਗਉ ਸੋਈ ਸੋਈ ਪਾਵਉ ਅਪਨੇ ਖਸਮ ਭਰੋਸਾ॥ ਕਹੁ ਨਾਨਕ ਗੁਰੁ ਪੂਰਾ ਭੇਟਿਓ ਮਿਟਿਓ ਸਗਲ ਅੰਦੇਸਾ॥ ੨॥ ੧੪॥ ੪੨॥

ਇਸ ਸ਼ਬਦ ਦਾ ੧੦੮ ਵਾਰੀ ਪਾਠ ੨੧ ਦਿਨ ਕਰਨ ਨਾਲ ਘਰ ਵਿਚੋਂ ਕਲੇਸ਼ ਹਟੇ ਸ਼ਾਂਤੀ ਹੋਵੇ।

ਸ਼ਬਦ ਨੰਬਰ ੨੦

ਸਰੀਰ ਦੀ ਦੁਖ ਪੀੜਾ ਦੂਰ ਹੋਵੇ, ਘਰ ਵਿਚ ਸੁੱਖ ਵਰਤੇ, ਔਕੜਾਂ ਦੂਰ ਹੋਣ

ਮਾਝ ਮਹਲਾ ੫॥ (ਪੰਨਾ-੧੦੧)

ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ॥ ਪ੍ਰਭੂ ਦਇਆ ਤੇ ਮੰਗਲੁ ਗਾਵਉ॥ ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ॥ ੧॥ ਨਾਮੁ ਅਉਖਧੁ ਮੋ ਕਉ ਸਾਧੂ ਦੀਆ॥ ਕਿਲਬਿਖ ਕਾਟੇ ਨਿਰਮਲੁ ਥੀਆ॥ ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ॥ ੨॥ ਜਿਸਕਾ ਅੰਗੁ ਕਰੇ ਮੇਰਾ ਪਿਆਰਾ॥ ਸੋ ਮੁਕਤਾ ਸਾਗਰ ਸੰਸਾਰਾ॥ ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ॥ ੩॥ ਜਬ ਤੇ ਸਾਧੂ ਸੰਗਤਿ ਪਾਏ॥ ਗੁਰ ਭੇਟਤ ਹਉ ਗਈ ਬਲਾਏ॥ ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ॥ ੪॥ ੧੭॥ ੨੪॥

ਇਹ ਸ਼ਬਦ ੪੧ ਦਿਨ ਜਪੋ ੫੧ ਵਾਰੀ ਰੋਜ਼, ਬੀਮਾਰ ਦੇ ਦੁਖ ਪੀੜ ਦੂਰ ਹੋਣ, ਸੁੱਖਾਂ ਦੀ ਪ੍ਰਾਪਤੀ ਹੋਵੇ, ਇੱਜ਼ਤ ਮਾਨ ਰਹੇ

ਸ਼ਬਦ ਨੰਬਰ ੨੧

ਸਰਬ ਰਖਿਆ ਵਾਸਤੇ

ਸੋਰਠਿ ਮਹਲਾ ੫॥ (ਪੰਨਾ-੬੨੦)

ਮੇਰਾ ਸਤਿਗੁਰੁ ਰਖਵਾਲਾ ਹੋਆ॥ ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ॥ ੧॥ ਰਹਾਉ॥ ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਕੀ ਲਾਜ ਰਖਾਈ॥ ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ॥ ੧॥ ਹਲਤੁ ਪਲਤੁ ਪ੍ਰਭ ਦੋਵੈ ਸਵਾਰੇ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ॥ ਅਟਲ ਬਚਨੁ ਨਾਨਕ ਗੁਰ ਤੇਰਾ ਸਫਲ ਕਰੁ ਮਸਤਕਿ ਧਾਰਿਆ॥ ੨॥ ੨੧॥ ੪੯॥

ਇਹ ਸ਼ਬਦ ੧੦੧ ਵਾਰ ੨੧ ਦਿਨ ਜਪਣ ਨਾਲ ਸਭ ਤਰ੍ਹਾਂ ਦੀ ਰਖਿਆ ਹੋਵੇ ਤੇ ਦੁਖ ਦੂਰ ਹੋਵਣ।

SIKHBOOKCLUB.COM

ਸ਼ਬਦ ਨੰਬਰ ੨੨

ਪਰਿਵਾਰ ਦੇ ਸੁੱਖ ਵਾਸਤੇ

ਸੋਰਠਿ ਮਹਲਾ ੫॥ (ਪੰਨਾ-੬੨੩)

ਵਿਚਿ ਕਰਤਾ ਪੁਰਖੁ ਖਲੋਆ॥ ਵਾਲੁ ਨ ਵਿੰਗਾ ਹੋਆ॥ ਮਜਨੁ ਗੁਰ ਆਂਦਾ ਰਾਸੇ॥ ਜਪਿ ਹਰਿ ਹਰਿ ਕਿਲਵਿਖ ਨਾਸੇ॥ ੧॥ ਸੰਤਹੁ ਰਾਮਦਾਸ ਸਰੋਵਰੁ ਨੀਕਾ॥ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ॥ ੧॥ ਰਹਾਉ॥ ਜੈ ਜੈ ਕਾਰੁ ਜਗੁ ਗਾਵੈ॥ ਮਨ ਚਿੰਦਿਅੜੇ ਫਲ ਪਾਵੈ॥ ਸਹੀ ਸਲਾਮਤਿ ਨਾਇ ਆਏ॥ ਅਪਣਾ ਪ੍ਰਭੂ ਧਿਆਏ॥ ੨॥ ਸੰਤ ਸਰੋਵਰ ਨਾਵੈ॥ ਸੋ ਜਨੁ ਪਰਮ ਗਤਿ ਪਾਵੈ॥ ਮਰੈ ਨ ਆਵੈ ਜਾਈ॥ ਹਰਿ ਹਰਿ ਨਾਮੁ ਧਿਆਈ॥ ੩॥ ਇਹੁ ਬ੍ਰਹਮ ਬਿਚਾਰੁ ਸੁ ਜਾਨੈ॥ ਜਿਸੁ ਦਇਆਲੁ ਹੋਇ ਭਗਵਾਨੈ॥ ਬਾਬਾ ਨਾਨਕ ਪ੍ਰਭ ਸਰਣਾਈ॥ ਸਭ ਚਿੰਤਾ ਗਣਤ ਮਿਟਾਈ॥ ੪॥ ੭॥ ੫੭॥

੨੧ ਪਾਠ ੪੦ ਦਿਨ ਕਰੋ, ਚਿੰਤਾ ਮਿਟੇ।

ਸ਼ਬਦ ਨੰਬਰ ੨੩

ਸੁੱਖ ਪ੍ਰਾਪਤ ਹੋਵਣ ਮਨ ਦੀ ਮੁਰਾਦ ਪੂਰੀ ਹੋਵੇ

ਮਾਝ ਮਹਲਾ ੫॥ (ਪੰਨਾ-੧੦੩)

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥ ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ॥ ੧॥ ਸੂਖੁ ਭਇਆ ਦੁਖੁ ਦੂਰਿ ਪਰਾਨਾ॥ ਸੰਤ ਰਸਨ ਹਰਿ ਨਾਮੁ ਵਖਾਨਾ॥ ਜਲ ਥਲ ਨੀਰਿ ਭਰੇ ਸਰ ਸੁਭਰ ਬਿਰਥਾ ਕੋਇ ਨ ਜਾਏ ਜੀਉ॥ ੨॥ ਦਇਆ ਧਾਰੀ ਤਿਨਿ ਸਿਰਜਨਹਾਰੇ॥ ਜੀਅ ਜੰਤ ਸਗਲੇ ਪ੍ਰਤਿਪਾਰੇ॥ ਮਿਹਰਵਾਨ ਕਿਰਪਾਲ ਦਇਆਲਾ ਸਗਲੇ ਤ੍ਰਿਪਤਿ ਅਘਾਏ ਜੀਉ॥ ੩॥ ਵਣੁ ਤ੍ਰਿਣੁ ਤ੍ਰਿਭਵਣੁ ਕੀਤੋਨੁ ਹਰਿਆ॥ ਕਰਣਹਾਰਿ ਖਿਨ ਭੀਤਰਿ ਕਰਿਆ॥ ਗੁਰਮੁਖਿ ਨਾਨਕ ਤਿਸੈ ਅਰਾਧੇ ਮਨ ਕੀ ਆਸ ਪੁਜਾਏ ਜੀਉ॥ ੪॥ ੨੩॥ ੩੦॥

ਇਹ ਸ਼ਬਦ ੪੦ ਦਿਨ ਜਪੇ ੧੦੧ ਵਾਰੀ ਰੋਜ਼, ਮਨ ਦੀ ਮੁਰਾਦ ਪੂਰੀ ਹੋਵੇ ਅਰ ਦੁਖ ਦਰਦ ਦੂਰ ਹੋਵਣ ਸੁੱਖ ਮਿਲੇ, ਇਸਤਰੀ ਪੁਤਰ ਤੇ ਧਨ ਦੀ ਪ੍ਰਾਪਤੀ ਹੋਵੇ।

ਸ਼ਬਦ ਨੰਬਰ ੨੪

ਖੇਤੀ ਬੀਜਣ ਸਮੇਂ ਪੜ੍ਹੋ, ਅੰਨ ਦਾਣਾ ਬਹੁਤ ਹੋਵੇ

ਮਾਝ ਮਹਲਾ ੫॥ (ਪੰਨਾ-੧੦੪)

ਹੁਕਮੀ ਵਰਸਣ ਲਾਗੇ ਮੇਹਾ॥ ਸਾਜਨ ਸੰਤ ਮਿਲਿ ਨਾਮੁ ਜਪੇਹਾ॥ ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ॥ ੧॥ ਸਭੁ ਕਿਛੁ ਬਹੁਤੋ ਬਹੁਤੁ ਉਪਾਇਆ॥ ਕਰਿ ਕਿਰਪਾ ਪ੍ਰਭਿ ਸਗਲ ਰਜਾਇਆ॥ ਦਾਤਿ ਕਰਹੁ ਮੇਰੇ ਦਾਤਾਰਾ ਜੀਅ ਜੰਤ ਸਭਿ ਧ੍ਰਾਪੇ ਜੀਉ॥ ੨॥ ਸਚਾ ਸਾਹਿਬੁ ਸਚੀ ਨਾਈ॥ ਗੁਰ ਪਰਸਾਦਿ ਤਿਸੁ ਸਦਾ ਧਿਆਈ॥ ਜਨਮ ਮਰਣ ਭੈ ਕਾਟੇ ਮੋਹਾ ਬਿਨਸੇ ਸੋਗ ਸੰਤਾਪੇ ਜੀਉ॥ ੩॥ ਸਾਸਿ ਸਾਸਿ ਨਾਨਕੁ ਸਾਲਾਹੇ। ਸਿਮਰਤ ਨਾਮੁ ਕਾਟੇ ਸਭਿ ਫਾਹੇ॥ ਪੂਰਨ ਆਸ ਕਰੀ ਖਿਨ ਭੀਤਰਿ ਹਰਿ ਹਰਿ ਹਰਿ ਗੁਣ ਜਾਪੇ ਜੀਉ॥ ੪॥ ੨੭॥ ੩੪॥

ਖੇਤੀ ਬੀਜਣ ਤੋਂ ੨੧ ਦਿਨ ਪਹਿਲਾਂ ਜਾਪ ਸ਼ੁਰੂ ਕਰੇ ੧੦੧ ਪਾਠ ਰੋਜ਼ ਕਰੇ ਤਾਂ ਖੇਤੀ ਪ੍ਰਫੁਲਤ ਹੋਵੇ ਤੇ ਅਨਾਜ ਦਾ ਲਾਭ ਹੋਵੇ ਮਾਲ ਡੰਗਰ ਸੁੱਖ ਰਹੇ, ਘਰ ਵਿਖੇ ਸੁੱਖ ਹੋਵੇ।

ਸ਼ਬਦ ਨੰਬਰ ੨੫

ਜਦੋਂ ਮੀਂਹ ਨਾ ਪਏ ਔੜ ਲਗਣ ਦਾ ਡਰ ਹੋਵੇ ਤਾਂ ਇਹ ਪਾਠ ਕਰੇ, ਵਰਖਾ ਜ਼ਰੂਰ ਹੋਵੇ।

ਮਾਝ ਮਹਲਾ ੫ ॥ (ਪੰਨਾ-੧੦੫)

ਮੀਹੁ ਪਇਆ ਪਰਮੇਸਰਿ ਪਾਇਆ ॥ ਜੀਅ ਜੰਤ ਸਭਿ ਸੁਖੀ ਵਸਾਇਆ ॥ ਗਇਆ ਕਲੇਸੁ ਭਇਆ ਸੁਖੁ ਸਾਚਾ ਹਰਿ ਹਰਿ ਨਾਮੁ ਸਮਾਲੀ ਜੀਉ ॥ ੧ ॥ ਜਿਸ ਕੇ ਸੇ ਤਿਨ ਹੀ ਪ੍ਰਤਿਪਾਰੇ ॥ ਪਾਰਬ੍ਰਹਮ ਪ੍ਰਭ ਭਏ ਰਖਵਾਰੇ ॥ ਸੁਣੀ ਬੇਨੰਤੀ ਠਾਕੁਰਿ ਮੇਰੈ ਪੂਰਨ ਹੋਈ ਘਾਲੀ ਜੀਉ ॥ ੨ ॥ ਸਰਬ ਜੀਆ ਕਉ ਦੇਵਣਹਾਰਾ ॥ ਗੁਰ ਪਰਸਾਦੀ ਨਦਰਿ ਨਿਹਾਰਾ ॥ ਜਲ ਥਲ ਮਹੀਅਲ ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ ॥ ੩ ॥ ਮਨ ਕੀ ਇਛ ਪੁਜਾਵਣਹਾਰਾ ॥ ਸਦਾ ਸਦਾ ਜਾਈ ਬਲਿਹਾਰਾ ॥ ਨਾਨਕ ਦਾਨੁ ਕੀਆ ਦੁਖ ਭੰਜਨਿ ਰਤੇ ਰੰਗਿ ਰਸਾਲੀ ਜੀਉ ॥ ੪ ॥ ੩੨ ॥ ੩੯ ॥

ਇਹ ਸ਼ਬਦ ੨੧ ਦਿਨ ੫੧ ਵਾਰੀ ਜਪੋ, ਅਨਾਜ ਬਹੁਤ ਹੋਵੇ, ਵਰਖਾ ਸਮੇਂ ਸਿਰ ਪਵੇ, ਸਭ ਸੁਖ ਪ੍ਰਾਪਤ ਹੋਵਣ।

SIKHBOOKCLUB.COM

ਸ਼ਬਦ ਨੰਬਰ ੨੯

ਰੋਗਾਂ ਦੀ ਨਵਿਰਤੀ ਵਾਸਤੇ

ਮਾਝ ਮਹਲਾ ੫॥ (ਪੰਨਾ-੧੦੭)

ਐਥੈ ਤੂੰਹੈ ਆਗੈ ਆਪੇ॥ ਜੀਅ ਜੰਤ੍ਰ ਸਭਿ ਤੇਰੇ ਥਾਪੇ॥ ਤੁਧੁ ਬਿਨੁ ਅਵਰੁ ਨ ਕੋਈ ਕਰਤੇ ਮੈ ਧਰ ਓਟ ਤੁਮਾਰੀ ਜੀਉ॥ ੧॥ ਰਸਨਾ ਜਪਿ ਜਪਿ ਜੀਵੈ ਸੁਆਮੀ॥ ਪਾਰਬ੍ਰਹਮ ਪ੍ਰਭ ਅੰਤਰਜਾਮੀ॥ ਜਿਨਿ ਸੇਵਿਆ ਤਿਨ ਹੀ ਸੁਖੁ ਪਾਇਆ ਸੋ ਜਨਮੁ ਨ ਜੂਐ ਹਾਰੀ ਜੀਉ॥੨॥ ਨਾਮੁ ਅਵਖਧੁ ਜਿਨਿ ਜਨ ਤੇਰੈ ਪਾਇਆ॥ ਜਨਮ ਜਨਮ ਕਾ ਰੋਗੁ ਗਵਾਇਆ॥ ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ॥ ੩॥ ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ॥ ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ॥ ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ॥ ੪॥ ੩੯॥ ੪੬॥

ਇਹ ਸ਼ਬਦ ੧੦ ਦਿਨ ਜਪਣਾ ੪੧ ਵਾਰ, ਸਭ ਰੋਗ ਦੂਰ ਹੋਵਣ, ਸੁੱਖ ਸ਼ਾਂਤੀ ਹੋਵੇ।

ਸ਼ਬਦ ਨੰਬਰ ੨੭

ਸੰਤਾਨ ਦੀ ਪ੍ਰਾਪਤੀ ਲਈ, ਕਿਸੇ ਅਟਕੇ ਕੰਮ ਲਈ ਦੇਹ ਅਰੋਗ ਡਰ ਭਉ ਨਾਸ ਹੋਵਣ

ਪਉੜੀ॥ (ਪੰਨਾ-੧੪੯)

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ॥ ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ॥ ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ॥ ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ॥ ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ॥ ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ॥ ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ॥ ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ॥ ੨੫॥

ਸੰਤਾਨ (ਪੁੱਤਰ ਧੀ) ਦੀ ਪ੍ਰਾਪਤੀ ਲਈ ਇਹ ਸ਼ਬਦ ੨੧ ਦਿਨ ਜਪਣਾ ੧੦੧ ਵਾਰੀ ਰੋਜ਼, ਦੇਹ ਅਰੋਗ, ਕਾਮਨਾ ਪੂਰੀਆਂ ਹੋਣ, ਡਰ ਭੈ ਦੂਰ ਹੋਣ, ਧਨ ਦੀ ਪ੍ਰਾਪਤੀ ਹੋਵੇ, ਨੌਕਰੀ ਵਿਚ ਤਰੱਕੀ ਹੋਵੇ, ਰੁਕੇ ਹੋਏ ਕਾਰਜ ਰਾਸ ਹੋਵਣ।

ਸ਼ਬਦ ਨੰਬਰ ੨੮

ਪਾਪਾਂ ਦੀ ਨਵਿਰਤੀ ਹੋਵੇ

ਸੂਹੀ ਮਹਲਾ ੫॥ (ਪੰਨਾ-੭੪੧)

ਗੁਰ ਅਪੁਨੇ ਊਪਰਿ ਬਲਿ ਜਾਈਐ॥ ਆਠ ਪਹਰ ਹਰਿ ਹਰਿ ਜਸੁ ਗਾਈਐ॥ ੧॥ ਸਿਮਰਉ ਸੋ ਪ੍ਰਭੁ ਅਪਨਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥ ੧॥ ਰਹਾਉ॥ ਚਰਣ ਕਮਲ ਸਿਉ ਲਾਗੀ ਪ੍ਰੀਤਿ॥ ਸਾਚੀ ਪੂਰਨ ਨਿਰਮਲ ਰੀਤਿ॥ ੨॥ ਸੰਤ ਪ੍ਰਸਾਦਿ ਵਸੈ ਮਨ ਮਾਹੀ॥ ਜਨਮ ਜਨਮ ਕੇ ਕਿਲਵਿਖ ਜਾਹੀ॥ ੩॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ॥ ਨਾਨਕੁ ਮਾਗੈ ਸੰਤ ਰਵਾਲਾ॥ ੪॥ ੧੭॥ ੨੩॥

ਇਹ ਸ਼ਬਦ ਦਾ ੧੦੧ ਪਾਠ ਰੋਜ਼ਾਨਾ ੨੧ ਦਿਨ ਜਪਣ ਨਾਲ ਪਾਪਾਂ ਦਾ ਨਾਸ ਹੁੰਦਾ ਹੈ।

ਸ਼ਬਦ ਨੰਬਰ ੨੯

ਘਰ ਵਿਚੋਂ ਗਰੀਬੀ ਦੂਰ ਹੋਵੇ, ਬੇਅੰਤ ਮਾਇਆ ਮਿਲੇ

ਆਸਾ ਮਹਲਾ ੫॥ (ਪੰਨਾ-੪੫੭)

ਜਾ ਕਉ ਰਾਮ ਭਤਾਰੁ ਤਾ ਕੈ ਅਨਦੁ ਘਣਾ॥ ਸੁਖਵੰਤੀ ਸਾ ਨਾਰਿ ਸੋਭਾ ਪੂਰਿ ਬਣਾ॥ ਮਾਣੁ ਮਹਤੁ ਕਲਿਆਣੁ ਹਰਿ ਜਸੁ ਸੰਗਿ ਸੁਰਜਨੁ ਸੋ ਪ੍ਰਭੂ॥ ਸਰਬ ਸਿਧਿ ਨਵ ਨਿਧਿ ਤਿਤੁ ਗ੍ਰਿਹਿ ਨਹੀ ਊਨਾ ਸਭੁ ਕਛੂ॥ ਮਧੁਰ ਬਾਨੀ ਪਿਰਹਿ ਮਾਨੀ ਥਿਰੁ ਸੋਹਾਗੁ ਤਾ ਕਾ ਬਣਾ॥ ਨਾਨਕੁ ਵਖਾਣੈ ਗੁਰ ਬਚਨਿ ਜਾਣੈ ਜਾ ਕੋ ਰਾਮੁ ਭਤਾਰੁ ਤਾ ਕੈ ਅਨਦੁ ਘਣਾ॥ ੨॥

ਇਹ ਸ਼ਬਦ ੨੧ ਦਿਨ ੧੦੧ ਵਾਰ ਜਪਣ ਨਾਲ ਗਰੀਬੀ ਦੂਰ ਹੋਵੇ।

ਸ਼ਬਦ ਨੰਬਰ ੩੦

ਪ੍ਰਦੇਸ ਗਇਆਂ ਦੇ ਮਿਲਾਪ ਹੋਣ

ਸਿਰੀ ਰਾਗੁ ਮਹਲਾ ੧॥ (ਪੰਨਾ-੧੭)

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੀਆਹ॥ ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥ ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ॥ ੧॥ ਕਰਤਾ ਸਭੁ ਕੋ ਤੇਰੈ ਜੋਰਿ॥ ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ॥ ੧॥ ਰਹਾਉ॥ ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀੰ॥ ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥ ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ॥ ੨॥ ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ॥ ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ॥ ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ॥ ੩॥ ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ॥ ਸੁਰਤਿ ਹੋਵੈ ਪਤਿ ਊਗਵੈ ਗੁਰ ਬਚਨੀ ਭਉ ਖਾਇ॥ ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ॥ ੪॥ ੧੦॥

ਪ੍ਰਦੇਸ ਗਏ ਹੋਏ ਪਿਆਰਿਆਂ ਦੇ ਅਵੱਸ਼ ਮਿਲਾਪ ਹੋਣਗੇ, ਯਕੀਨ ਰਖੋ। ੫੧ ਪਾਠ ੪੦ ਦਿਨ ਹਰ ਰੋਜ਼ ਕਰੋ।

ਸ਼ਬਦ ਨੰਬਰ ੩੧

ਭੁਖ ਨੰਗ ਤੋਂ ਛੁਟਕਾਰਾ

ਸਿਰੀਰਾਗੁ ਮਹਲਾ ੫ ॥

ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ॥ ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ॥ ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ॥ ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥ ੨ ॥ (ਪੰਨਾ-੭੦)

ਗਰੀਬੀ ਨੂੰ ਦੂਰ ਕਰਨ ਲਈ ਇਹ ਸਿਧ ਸ਼ਬਦ ਹੈ ਇਸਦਾ ੪੧ ਦਿਨ ਕੀਤਾ ਪਾਠ ਸਦਾ ਵਾਸਤੇ ਨੰਗ ਭੁਖ ਤੋਂ ਛੁਟਕਾਰਾ ਪਾਉਣ ਲਈ ਸਮਰਥ ਹੈ।।

ਸ਼ਬਦ ਨੰਬਰ ੩੨

ਲੱਛਮੀ ਦੀ ਅਤੁਟ ਪ੍ਰਾਪਤੀ

ਪਉੜੀ ॥ (ਪੰਨਾ -੧੦੯੬)

ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥ ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥ ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ॥ ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥ ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ॥ ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥ ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ॥ ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ॥ ੭॥

ਇਸ ਸ਼ਬਦ ਦੇ ੩੧ ਦਿਨ ਨਿਤਨੇਮ ਨਾਲ ਪਾਠ ਕਰਨ ਉਪਰੰਤ ਲੱਛਮੀ ਮਹਾਨ ਪ੍ਰਸੰਨ ਹੋਵੇ ਅਰ ਕਦੇ ਤੋਟ ਨਾ ਆਵੇ।

SIKHBOOKCLUB.COM

ਸ਼ਬਦ ਨੰਬਰ ੩੩

ਅਦਾਲਤ ਵਿਚ ਜਿੱਤ ਪ੍ਰਾਪਤ ਹੋਵੇ

ਗਉੜੀ ਮਹਲਾ ੫॥ (ਪੰਨਾ-੧੯੮)

ਜਾ ਕਉ ਤੁਮ ਭਏ ਸਮਰਥ ਅੰਗਾ॥ ਤਾ ਕਉ ਕਛੁ ਨਾਹੀ ਕਾਲੰਗਾ॥ ੧॥ ਮਾਧਉ ਜਾ ਕਉ ਹੈ ਆਸ ਤੁਮਾਰੀ॥ ਤਾ ਕਉ ਕਛੁ ਨਾਹੀ ਸੰਸਾਰੀ॥ ੧॥ਰਹਾਉ॥ਜਾ ਕੈ ਹਿਰਦੈ ਠਾਕੁਰੁ ਹੋਇ॥ ਤਾ ਕਉ ਸਹਸਾ ਨਾਹੀ ਕੋਇ॥ ੨॥ ਜਾ ਕਉ ਤੁਮ ਦੀਨੀ ਪ੍ਰਭ ਧੀਰ॥ ਤਾ ਕੈ ਨਿਕਟਿ ਨ ਆਵੈ ਪੀਰ॥ ੩॥ ਕਹੁ ਨਾਨਕ ਮੈ ਸੋ ਗੁਰੁ ਪਾਇਆ॥ ਪਾਰਬ੍ਰਹਮ ਪੂਰਨ ਦੇਖਾਇਆ॥ ੪॥ ੪੧॥ ੧੧੦॥

ਫੌਜਦਾਰੀ ਮੁਕੱਦਮੇ ਵਿਚ ਜਿੱਤ ਪ੍ਰਾਪਤ ਕਰਨ ਲਈ ਮਰਯਾਦਾ ਅਨੁਸਾਰ ੧੦੧ ਪਾਠ ੨੧ ਦਿਨ ਕਰ ਕੇ ਅਦਾਲਤ ਵਿਚ ਜਾਉ ਜਾਂਦਿਆਂ ਸਾਰ ਤੁਹਾਡੇ ਹੱਕ ਵਿਚ ਫੈਸਲਾ ਹੋਵੇਗਾ। ਨਿਸਚਾ ਕਰ ਜਾਣੋ।

SIKHBOOKCLUB.COM

ਸ਼ਬਦ ਨੰਬਰ ੩੪

ਦੁਸ਼ਮਨ ਦਾ ਡਰ ਦੂਰ ਹੋਵੇ

ਗਉੜੀ ਮਹਲਾ ੫॥ (ਪੰਨਾ-੧੯੦)

ਰਾਖਿ ਲੀਆ ਗੁਰਿ ਪੂਰੈ ਆਪਿ॥ ਮਨਮੁਖ ਕਉ ਲਾਗੋ ਸੰਤਾਪੁ॥ ੧॥ ਗੁਰੂ ਗੁਰੂ ਜਪਿ ਮੀਤ ਹਮਾਰੇ॥ ਮੁਖ ਊਜਲ ਹੋਵਹਿ ਦਰਬਾਰੇ॥ ੧॥ ਰਹਾਉ॥ ਗੁਰ ਕੇ ਚਰਣ ਹਿਰਦੈ ਵਸਾਇ॥ ਦੁਖ ਦੁਸਮਨ ਤੇਰੀ ਹਤੈ ਬਲਾਇ॥ ੨॥ ਗੁਰ ਕਾ ਸਬਦੁ ਤੇਰੈ ਸੰਗਿ ਸਹਾਈ॥ ਦਇਆਲ ਭਏ ਸਗਲੇ ਜੀਅ ਭਾਈ॥ ੩॥ ਗੁਰਿ ਪੂਰੇ ਜਬ ਕਿਰਪਾ ਕਰੀ॥ ਭਨਤਿ ਨਾਨਕ ਮੇਰੀ ਪੂਰੀ ਪਰੀ॥ ੪॥ ੫੪॥ ੧੨੩॥

• ਨੇਮ ਅਨੁਸਾਰ ੧੦੧ ਪਾਠ ੨੧ ਦਿਨ ਕਰ ਲਓ ਫਿਰ ਦੁਸ਼ਮਨ ਦੂਤੀ ਤੋਂ ਨਿਡਰ ਹੋ ਜਾਓ ਉਹ ਤੁਹਾਡਾ ਵਾਲ ਵਿੰਗਾ ਨਹੀਂ ਕਰ ਸਕੇਗਾ।

ਸ਼ਬਦ ਨੰਬਰ ੩੫

ਸੁੱਕਾ ਬੱਚਾ ਹਰਿਆ ਭਰਿਆ ਹੋਵੇ

ਗਉੜੀ ਮਹਲਾ ੫॥ (ਪੰਨਾ - ੧੯੧)

ਸੂਕੇ ਹਰੇ ਕੀਏ ਖਿਨ ਮਾਹੇ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ॥ ੧॥ ਕਾਟੇ ਕਸਟ ਪੂਰੇ ਗੁਰਦੇਵ॥ ਸੇਵਕ ਕਉ ਦੀਨੀ ਅਪੁਨੀ ਸੇਵ॥ ੧॥ ਰਹਾਉ॥ ਮਿਟਿ ਗਈ ਚਿੰਤ ਪੁਨੀ ਮਨ ਆਸਾ॥ ਕਰੀ ਦਇਆ ਸਤਿਗੁਰਿ ਗੁਣਤਾਸਾ॥ ੨॥ ਦੂਖ ਨਾਠੇ ਸੁਖ ਆਇ ਸਮਾਏ॥ ਢੀਲ ਨ ਪਰੀ ਜਾ ਗੁਰਿ ਫੁਰਮਾਏ॥ ੩॥ ਇਛ ਪੁਨੀ ਪੂਰੇ ਗੁਰ ਮਿਲੇ॥ ਨਾਨਕ ਤੇ ਜਨ ਸੁਫਲ ਫਲੇ॥ ੪॥ ੫੮॥ ੧੨੭॥

ਸੋਕੇ ਦੀ ਬਿਮਾਰੀ ਲਈ ਇਹ ਸ਼ਬਦ ੪੧ ਦਿਨ ੧੦੮ ਵਾਰੀ ਪੜ੍ਹ ਕੇ ਅੰਮ੍ਰਿਤ ਪਿਲਾਓ। ਬੱਚਾ ਨਿਸਚੇ ਹੀ ਹਰਿਆ ਭਰਿਆ ਹੋਵੇਗਾ। ਕੋਈ ਦਵਾਈ ਦੀ ਲੋੜ ਨਹੀਂ ਰਹਿੰਦੀ।

SIKHBOOKCLUB.COM

ਸ਼ਬਦ ਨੰਬਰ ੩੬

ਜਿਸ ਦਾ ਤਾਪ ਨਾ ਲਥਦਾ ਹੋਵੇ

ਗਉੜੀ ਮਹਲਾ ੫॥ (ਪੰਨਾ-੧੯੧)

ਤਾਪ ਗਏ ਪਾਈ ਪ੍ਰਭਿ ਸਾਂਤਿ॥ ਸੀਤਲ ਭਏ ਕੀਨੀ ਪ੍ਰਭ ਦਾਤਿ॥ ੧॥ ਪ੍ਰਭ ਕਿਰਪਾ ਤੇ ਭਏ ਸੁਹੇਲੇ॥ ਜਨਮ ਜਨਮ ਕੇ ਬਿਛੁਰੇ ਮੇਲੇ ॥ ੧॥ ਰਹਾਉ॥ ਸਿਮਰਤ ਸਿਮਰਤ ਪ੍ਰਭ ਕਾ ਨਾਉ॥ ਸਗਲ ਰੋਗ ਕਾ ਬਿਨਸਿਆ ਥਾਉ॥ ੨॥ ਸਹਜਿ ਸੁਭਾਇ ਬੋਲੈ ਹਰਿ ਬਾਣੀ॥ ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ॥ ੩॥ ਦੂਖੁ ਦਰਦੁ ਜਮੁ ਨੇੜਿ ਨ ਆਵੈ॥ ਕਹੁ ਨਾਨਕ ਜੋ ਹਰਿ ਗੁਨ ਗਾਵੈ॥ ੪॥ ੫੯॥ ੧੨੮॥

ਇਹ ਸ਼ਬਦ ੪੦ ਦਿਨ ਜਪਣਾ ੧੦੧ ਵਾਰੀ ਰੋਜ਼ ਪੁਰਾਣਾ ਤਾਪ ਦੁਖ ਕਲੇਸ਼ ਨਾਸ਼ ਹੋਵਣ।

SIKHBOOKCLUB.COM

ਸ਼ਬਦ ਨੰਬਰ ੩੭

ਤਾਪ ਸੰਤਾਪ ਦੂਰ ਹੋਵਣ ਅਤੇ ਕੀਤੇ ਪਾਪ ਨਾਸ ਹੋਵਣ

ਗਉੜੀ ਮਹਲਾ ੫।। (ਪੰਨਾ-੨੦੦)

ਸਾਂਤਿ ਭਈ ਗੁਰ ਗੋਬਿਦਿ ਪਾਈ।। ਤਾਪ ਪਾਪ ਬਿਨਸੇ ਮੇਰੇ ਭਾਈ।। ੧।। ਰਹਾਉ।। ਰਾਮ ਨਾਮੁ ਨਿਤ ਰਸਨ ਬਖਾਨ।। ਬਿਨਸੇ ਰੋਗ ਭਏ ਕਲਿਆਨ।। ੧।। ਪਾਰਬ੍ਰਹਮ ਗੁਣ ਅਗਮ ਬੀਚਾਰ।। ਸਾਧੂ ਸੰਗਮਿ ਹੈ ਨਿਸਤਾਰ।। ੨।। ਨਿਰਮਲ ਗੁਣ ਗਾਵਹੁ ਨਿਤ ਨੀਤ।। ਗਈ ਬਿਆਧਿ ਉਬਰੇ ਜਨ ਮੀਤ।। ੩।। ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ।। ਨਾਨਕ ਦਾਸ ਤੇਰੀ ਸਰਣਾਈ।। ੪।। ੧੦੨।।

ਇਹ ਸ਼ਬਦ ੪੦ ਦਿਨ ਜਪਣਾ ੫੧ ਵਾਰੀ, ਤਾਪ ਸੰਤਾਪ ਪਾਪ ਸਭ ਦੂਰ ਹੋਵਣ ਤੇ ਨਰੋਆ ਜੀਵਨ ਹੋਵੇ।

ਸ਼ਬਦ ਨੰਬਰ ੩੮

ਕਲਾ ਕਲੇਸ਼ ਨਾਸ ਹੋਵੇ ਡਰ ਭੈ ਤੇ ਮੁਸ਼ਕਲਾਂ ਦੂਰ ਹਟਣ

ਗਉੜੀ ਮਹਲਾ ੫।। (ਪੰਨਾ - ੧੯੧)

ਕਲਿ ਕਲੇਸ ਗੁਰ ਸਬਦਿ ਨਿਵਾਰੇ।। ਆਵਣ ਜਾਣ ਰਹੇ ਸੁਖ ਸਾਰੇ।। ੧।। ਭੈ ਬਿਨਸੇ ਨਿਰਭਉ ਹਰਿ ਧਿਆਇਆ।। ਸਾਧਸੰਗਿ ਹਰਿ ਕੇ ਗੁਣ ਗਾਇਆ।। ੧।। ਰਹਾਉ।। ਚਰਨ ਕਵਲ ਰਿਦ ਅੰਤਰਿ ਧਾਰੇ।। ਅਗਨਿ ਸਾਗਰ ਗੁਰਿ ਪਾਰਿ ਉਤਾਰੇ।। ੨।। ਬੂਡਤ ਜਾਤ ਪੂਰੈ ਗੁਰਿ ਕਾਢੇ।। ਜਨਮ ਜਨਮ ਕੇ ਟੂਟੇ ਗਾਢੇ।। ੩।। ਕਹੁ ਨਾਨਕ ਤਿਸੁ ਗੁਰ ਬਲਿਹਾਰੀ।। ਜਿਸੁ ਭੇਟਤ ਗਤਿ ਭਈ ਹਮਾਰੀ।। ੪।। ੫੬।। ੧੨੫।।

ਇਹ ਸ਼ਬਦ ੨੧ ਦਿਨ ੧੦੧ ਵਾਰੀ ਰੋਜ਼ ਜਪਣਾ, ਕਲਾ ਕਲੇਸ਼ ਤਕਲੀਫਾਂ ਤੇ ਡਰ ਦੂਰ ਹੋਵੇ।

ਸ਼ਬਦ ਨੰਬਰ ੩੯

ਚਿੰਤਾ ਤੋਂ ਛੁਟਕਾਰਾ ਮਿਲੇ

ਸਿਰੀਰਾਗੁ ਮਹਲਾ ੫॥

ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ॥ ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ॥ ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ॥ ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ॥ ੩॥ (ਪੰਨਾ-੭੦)

SIKHBOOKCLUB.COM

ਇਸ ਸ਼ਬਦ ਦਾ ੫੧ ਵਾਰ ਰੋਜ਼ ਨੇਮ ਅਨੁਸਾਰ ੪੦ ਦਿਨ ਕੀਤਾ ਹੋਇਆ ਪਾਠ ਸਾਰਾ ਜੀਵਨ ਚਿੰਤਾ ਫਿਕਰ ਸੋਚਾਂ ਤੋਂ ਛੁਟਕਾਰਾ ਦੇਏਗਾ।

ਸ਼ਬਦ ਨੰਬਰ ੪੦

ਚੰਗੇ ਪਤੀ ਦੀ ਪ੍ਰਾਪਤੀ ਹੋਵੇ

ਆਸਾ ਮਹਲਾ ੧॥ (ਪੰਨਾ-੩੫੭)

ਪੇਵਕੜੈ ਧਨ ਖਰੀ ਇਆਣੀ॥ ਤਿਸੁ ਸਹ ਕੀ ਮੈ ਸਾਰ ਨ ਜਾਣੀ॥ ੧॥ ਸਹੁ ਮੇਰਾ ਏਕੁ ਦੂਜਾ ਨਹੀ ਕੋਈ॥ ਨਦਰਿ ਕਰੇ ਮੇਲਾਵਾ ਹੋਈ॥ ੧॥ ਰਹਾਉ॥ ਸਾਹੁਰੜੈ ਧਨ ਸਾਚੁ ਪਛਾਨਿਆ॥ ਸਹਜਿ ਸੁਭਾਇ ਅਪਣਾ ਪਿਰੁ ਜਾਨਿਆ॥ ੨॥ ਗੁਰ ਪਰਸਾਦੀ ਐਸੀ ਮਤਿ ਆਵੈ॥ ਤਾਂ ਕਾਮਣਿ ਕੰਤੈ ਮਨਿ ਭਾਵੈ॥ ੩॥ ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ॥ ਸਦ ਹੀ ਸੇਜੈ ਰਵੈ ਭਤਾਰੁ॥ ੪॥ ੨੭॥

ਚੰਗੇ ਪਤੀ ਦੀ ਪ੍ਰਾਪਤੀ ਲਈ ਇਹ ੧੦੧ ਪਾਠ ੪੧ ਦਿਨ ਕਰਨ ਨਾਲ ਸੁੰਦਰ ਤੇ ਕਮਾਊ ਪਤੀ ਮਿਲੇ।

ਸ਼ਬਦ ਨੰਬਰ ੪੧

ਨਿੰਦਕ ਨੂੰ ਸਜ਼ਾ ਮਿਲੇ

ਆਸਾ ਮਹਲਾ ੫।। (ਪੰਨਾ-੩੭੩)

ਅਰੜਾਵੈ ਬਿਲਲਾਵੈ ਨਿੰਦਕੁ।। ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ।। ੧।। ਰਹਾਉ।। ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ।। ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ।। ੧।। ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ।। ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ।। ੨।। ੧੦।।

ਇਸ ਸ਼ਬਦ ਦਾ ੧੦੧ ਪਾਠ ਹਰ ਰੋਜ਼ ੪੧ ਦਿਨ ਕਰੋ ਅਤੇ ਭੋਗ ਪਾ ਕੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਓ, ਨਿੰਦਕ ਦਾ ਮੂੰਹ ਕਾਲਾ ਹੋਵੇ।

ਸ਼ਬਦ ਨੰਬਰ ੪੨

ਸੰਤਾਨ ਦੀ ਪ੍ਰਾਪਤੀ ਲਈ ਤੇ ਵਸੀ ਕਰਨ ਲਈ ਅਟਕੇ ਕਾਰਜ ਚਾਲੂ ਹੋਣ

ਗਉੜੀ ਗੁਆਰੇਰੀ ਮਹਲਾ ੫।। (ਪੰਨਾ-੧੮੨)

ਜਾ ਕੈ ਵਸਿ ਖਾਨ ਸੁਲਤਾਨ।। ਜਾ ਕੈ ਵਸਿ ਹੈ ਸਗਲ ਜਹਾਨ।। ਜਾ ਕਾ ਕੀਆ ਸਭੁ ਕਿਛੁ ਹੋਇ।। ਤਿਸ ਤੇ ਬਾਹਰਿ ਨਾਹੀ ਕੋਇ।। ੧।। ਕਹੁ ਬੇਨੰਤੀ ਅਪੁਨੇ ਸਤਿਗੁਰ ਪਾਹਿ।। ਕਾਜ ਤੁਮਾਰੇ ਦੇਇ ਨਿਬਾਹਿ।। ੧।। ਰਹਾਉ।। ਸਭ ਤੇ ਊਚ ਜਾ ਕਾ ਦਰਬਾਰੁ।। ਸਗਲ ਭਗਤ ਜਾ ਕਾ ਨਾਮੁ ਅਧਾਰੁ।। ਸਰਬ ਬਿਆਪਿਤ ਪੂਰਨ ਧਨੀ।। ਜਾ ਕੀ ਸੋਭਾ ਘਟਿ ਘਟਿ ਬਨੀ।। ੨।। ਜਿਸੁ ਸਿਮਰਤ ਦੁਖ ਡੇਰਾ ਢਹੈ।। ਜਿਸੁ ਸਿਮਰਤ ਜਮੁ ਕਿਛੂ ਨ ਕਹੈ।। ਜਿਸੁ ਸਿਮਰਤ ਹੋਤ ਸੂਕੇ ਹਰੇ।। ਜਿਸੁ ਸਿਮਰਤ ਡੂਬਤ ਪਾਹਨ ਤਰੇ।। ੩।। ਸੰਤ ਸਭਾ ਕਉ ਸਦਾ ਜੈਕਾਰੁ।। ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ।। ਕਹੁ ਨਾਨਕ ਮੇਰੀ ਸੁਣੀ ਅਰਦਾਸਿ।। ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸਿ।। ੪।। ੨੧।। ੯੦।।

ਸੰਤਾਨ ਪ੍ਰਾਪਤੀ ਜਾਂ ਇਸਤਰੀ ਮਰਦ ਦੇ ਵਸੀਕਰਨ ਲਈ ੪੦ ਦਿਨ ੧੦੧ ਵਾਰੀ ਰੋਜ਼ ਜਪੋ।

ਸ਼ਬਦ ਨੰਬਰ ੪੩

ਅੱਖਾਂ ਦੇ ਸਭ ਰੋਗ ਦੂਰ ਹੋਵਣ

ਗਉੜੀ ਮਹਲਾ ੫।। (ਪੰਨਾ-੨੦੦)

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ।। ਭਰਮ ਗਏ ਪੂਰਨ ਭਈ ਸੇਵ।। ੧।। ਰਹਾਉ।। ਸੀਤਲਾ ਤੇ ਰਖਿਆ ਬਿਹਾਰੀ।। ਪਾਰਬ੍ਰਹਮ ਪ੍ਰਭ ਕਿਰਪਾ ਧਾਰੀ।। ੧।। ਨਾਨਕ ਨਾਮੁ ਜਪੈ ਸੋ ਜੀਵੈ।। ਸਾਧਸੰਗਿ ਹਰਿ ਅੰਮ੍ਰਿਤੁ ਪੀਵੈ।। ੨।। ੧੦੩।। ੧੭੨।।

ਇਹ ਸ਼ਬਦ ਨੇਤ੍ਰ ਰਖਿਆ ਵਾਸਤੇ ੪੧ ਦਿਨ ਜਪਣਾ ੧੦੧ ਰੋਜ਼, ਨੇਤ੍ਰਾਂ ਦੇ ਸਭ ਰੋਗ ਦੂਰ ਹੋਣ ਨੇਤ੍ਰ ਪ੍ਰਕਾਸ਼ ਹੋਣ। ਸੀਤਲਾ ਤੋਂ ਰਖਿਆ ਲਈ ਸੀਤਲਾ ਦੇ ਬੀਮਾਰ ਕੋਲ ਬੈਠ ਕੇ ਜਪਣਾ ੧੦੧ ਰੋਜ਼, ਸੀਤਲਾ ਤੋਂ ਰਖਿਆ ਹੋਵੇ।

SIKHBOOKCLUB.COM

ਸ਼ਬਦ ਨੰਬਰ ੪੪

ਦੁਖ ਦੂਰ ਹੋਣ ਸੁਖ ਤੇ ਧਨ ਪ੍ਰਾਪਤੀ ਹੋਵੇ

ਗਉੜੀ ਮਹਲਾ ੫ ਮਾਂਝ।। (ਪੰਨਾ-੨੧੮)

ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ।। ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ।। ੧।। ਰਹਾਉ।। ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ।। ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ।। ੧।। ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ।। ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ।। ੨।। ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾਪ।। ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ।। ੩।। ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ।। ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ।। ੪।। ੨।। ੧੭੦।।

੨੧ ਦਿਨ ਜਪਣਾ ੧੦੧ ਵਾਰ ਰੋਜ਼, ਸਰਬ ਦੁਖਾਂ ਦੀ ਨਵਿਰਤੀ ਹੋਵੇ। ਮੁਕੱਦਮੇ ਵਿਚੋਂ ਬਰੀ ਹੋਵੇ।

ਸ਼ਬਦ ਨੰਬਰ ੪੫

ਸਰਬ ਮਨੋਂ ਕਾਮਨਾ ਪੂਰਨ ਹੋਵਣ

ਗਉੜੀ ਮਾਝ ਮਹਲਾ ੫॥ (ਪੰਨਾ ੨੧੮)

ਹਰਿ ਰਾਮ ਰਾਮ ਰਾਮ ਰਾਮਾ॥ ਜਪਿ ਪੂਰਨ ਹੋਏ ਕਾਮਾ॥ ੧॥ ਰਹਾਉ॥ ਰਾਮ ਗੋਬਿੰਦ ਜਪੇਦਿਆ ਹੋਆ ਮੁਖੁ ਪਵਿਤ੍ਰੁ॥ ਹਰਿ ਜਸੁ ਸੁਣੀਐ ਜਿਸ ਤੇ ਸੋਈ ਭਾਈ ਮਿਤ੍ਰੁ॥ ੧॥ ਸਭਿ ਪਦਾਰਥ ਸਭਿ ਫਲਾ ਸਰਬ ਗੁਣਾ ਜਿਸੁ ਮਾਹਿ॥ ਕਿਉ ਗੋਬਿੰਦੁ ਮਨਹੁ ਵਿਸਾਰੀਐ ਜਿਸੁ ਸਿਮਰਤ ਦੁਖ ਜਾਹਿ॥ ੨॥ ਜਿਸੁ ਲੜਿ ਲਗਿਐ ਜੀਵੀਐ ਭਵਜਲੁ ਪਈਐ ਪਾਰਿ॥ ਮਿਲਿ ਸਾਧੂ ਸੰਗਿ ਉਧਾਰੁ ਹੋਇ ਮੁਖ ਊਜਲ ਦਰਬਾਰਿ॥ ੩॥ ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ॥ ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ॥ ੪॥ ੩॥ ੧੭੧॥

ਇਹ ਸ਼ਬਦ ੪੧ ਦਿਨ ਜਪਣਾ ੧੦੧ ਵਾਰੀ ਰੋਜ਼, ਮਨੋਂ ਕਾਮਨਾ ਪੂਰਨ ਹੋਵਣ ਧਨ ਪੁੱਤਰ ਦੀ ਪ੍ਰਾਪਤੀ ਹੋਵੇ।

ਸ਼ਬਦ ਨੰਬਰ ੪੯

ਸਾਰੇ ਕਾਰਜ ਸਿਧ ਹੋਵਣ

ਗਉੜੀ ਮਹਲਾ ੫॥ (ਪੰਨਾ-੨੦੧)

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥ ਸਤਿਗੁਰਿ ਤੁਮਰੇ ਕਾਜ ਸਵਾਰੇ॥ ੧॥ ਰਹਾਉ॥ ਦੁਸਟ ਦੂਤ ਪਰਮੇਸਰਿ ਮਾਰੇ॥ ਜਨ ਕੀ ਪੈਜ ਰਖੀ ਕਰਤਾਰੇ॥ ੧॥ ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ॥ ਅੰਮ੍ਰਿਤ ਨਾਮ ਮਹਾ ਰਸ ਪੀਨੇ॥ ੨॥ ਨਿਰਭਉ ਹੋਇ ਭਜਹੁ ਭਗਵਾਨ॥ ਸਾਧ ਸੰਗਤਿ ਮਿਲਿ ਕੀਨੋ ਦਾਨੁ॥ ੩॥ ਸਰਣਿ ਪਰੇ ਪ੍ਰਭ ਅੰਤਰਜਾਮੀ॥ ਨਾਨਕ ਓਟ ਪਕਰੀ ਪ੍ਰਭ ਸੁਆਮੀ॥ ੪॥ ੧੦੮॥

ਇਹ ਸ਼ਬਦ ੨੧ ਦਿਨ ਜਪਣਾ ੧੦੮ ਵਾਰੀ ਰੋਜ਼ ਸਰਬ ਕਾਰਜ ਸਿਧ ਹੋਵਣ।

ਸ਼ਬਦ ਨੰਬਰ ੪੭

ਰਾਜ ਸਰਕਾਰੇ ਇਜ਼ਤ ਵਧੇ ਮੁਕੱਦਮਾ ਜਿਤੇ

ਸੋਰਠਿ ਮਹਲਾ ੫।। (ਪੰਨਾ ੬੩੧)

ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ।। ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ।। ੧।। ਪ੍ਰਭ ਜੀਉ ਖਸਮਾਨਾ ਕਰਿ ਪਿਆਰੇ।। ਬੁਰੇ ਭਲੇ ਹਮ ਥਾਰੇ।। ਰਹਾਉ।। ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ।। ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ।। ੨।। ੨੯।। ੯੩।।

ਇਹ ਸ਼ਬਦ ੫੧ ਦਿਨ ੧੦੧ ਵਾਰੀ ਰੋਜ਼ ਜਪੋ, ਸਰਬ ਸੁਖ ਹੋਵੇ, ਬਰਾਦਰੀ ਵਿਚ ਇੱਜ਼ਤ ਵਧੇ, ਮੁਕੱਦਮਾ ਫਤੇ ਹੋਵੇ, ਬੰਧਨ ਕਟੇ ਜਾਣ, ਦੁਖ ਰੋਗ ਸੰਤਾਪ ਹਟੇ।

SIKHBOOKCLUB.COM

ਸ਼ਬਦ ਨੰਬਰ ੪੮

ਪ੍ਰਮਾਤਮਾਂ ਵਲੋਂ ਰਖਿਆ ਹੋਵੇ
ਸਭ ਦੁਖ ਦੂਰ ਕਰੇ

ਤਿਲੰਗ ਮਹਲਾ ੫ ਘਰੁ ੩।। (ਪੰਨਾ ੭੨੪)

ਮਿਹਰਵਾਨੁ ਸਾਹਿਬੁ ਮਿਹਰਵਾਨੁ।। ਸਾਹਿਬੁ ਮੇਰਾ ਮਿਹਰਵਾਨੁ।। ਜੀਅ ਸਗਲ ਕਉ ਦੇਇ ਦਾਨੁ।। ਰਹਾਉ।। ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ।। ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ।। ੧।। ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ।। ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ।। ੨।। ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ।। ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ।। ੩।। ਤੂੰ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ।। ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ।। ੪।। ੩।।

ਇਹ ਸ਼ਬਦ ੫੧ ਦਿਨ ੫੧ ਵਾਰੀ ਰੋਜ਼ ਜਪੋ, ਸਭ ਤਰ੍ਹਾਂ ਦੀ ਰਖਿਆ ਹੋਵੇ।

ਸ਼ਬਦ ਨੰਬਰ ੪੯

ਸਰੀਰ ਤੇ ਸੰਤਾਨ ਦੀ ਹਰ ਪ੍ਰਕਾਰ ਰਖਿਆ ਕਰਨ ਵਾਸਤੇ ਇਹ ਸ਼ਬਦ ਜਪੋ

ਬਿਲਾਵਲੁ ਮਹਲਾ ੫॥ (ਪੰਨਾ ੮੧੯)

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥ ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥ ੧॥ ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥ ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥ ੧॥ ਰਹਾਉ॥ ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥ ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥ ੨॥ ੧੫॥ ੭੯॥

ਇਹ ਸ਼ਬਦ ੪੦ ਦਿਨ ਰੋਜ਼ ਜਪਣਾ ੧੦੧ ਵਾਰੀ, ਸਰੀਰ ਦੀ ਤੇ ਸੰਤਾਨ ਦੀ ਹਰ ਪ੍ਰਕਾਰ ਦੀ ਰਖਿਆ ਹੋਵੇ, ਕੋਈ ਡਰ ਭੈ ਨਾ ਹੋਵੇ।

ਸ਼ਬਦ ਨੰਬਰ ੫੦

ਬੱਚੇ ਨੂੰ ਕੋਈ ਦੁਖ ਤਕਲੀਫ ਹੋਵੇ ਤਾਂ ਇਹ ਸ਼ਬਦ ਦਾ ਜਾਪ ਕਰਨਾ ਬੱਚਾ ਠੀਕ ਹੋਵੇ

ਬਿਲਾਵਲੁ ਮਹਲਾ ੫॥ (ਪੰਨਾ-੮੧੯)

ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ॥ ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ॥੧॥ ਰਹਾਉ॥ ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ॥ ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ॥੧॥ ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ॥ ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ॥ ੨॥੧੬॥ ੮੦॥

ਇਹ ਸ਼ਬਦ ੩੧ ਦਿਨ ਸਵੇਰੇ ਸ਼ਾਮ ਜਪੋ ੫੧ ਵਾਰੀ ਰੋਜ਼, ਬੱਚੇ ਨੂੰ ਕੋਈ ਦੁਖ ਤਕਲੀਫ ਨਾ ਹੋਵੇ, ਬੱਚਾ ਹੱਸੇ ਖੇਡੇ।

ਸ਼ਬਦ ਨੰਬਰ ੫੧

ਬਾਲਕ ਪੈਦਾ ਹੋਣ ਤੋਂ ਬਾਅਦ ਇਹ ਸ਼ਬਦ ਜਪੇ ਚਾਲੀ ਦਿਨ ਰਖਿਆ ਹੋਵੇ

ਆਸਾ ਮਹਲਾ ੫।। (ਪੰਨਾ-੩੯੬)

ਗੁਰ ਪੂਰੇ ਰਾਖਿਆ ਦੇ ਹਾਥ।।
ਪ੍ਰਗਟੁ ਭਇਆ ਜਨ ਕਾ ਪਰਤਾਪੁ।। ੧।।
ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ।।
ਜੀਅ ਕੀ ਅਰਦਾਸਿ ਗੁਰੂ ਪਹਿ ਪਾਈ।। ਰਹਾਉ।।
ਸਰਨਿ ਪਰੇ ਸਾਚੇ ਗੁਰਦੇਵ।।
ਪੂਰਨ ਹੋਈ ਸੇਵਕ ਸੇਵ।। ੨।।
ਜੀਉ ਪਿੰਡੁ ਜੋਬਨੁ ਰਾਖੇ ਪ੍ਰਾਨ।।
ਕਹੁ ਨਾਨਕ ਗੁਰ ਕਉ ਕੁਰਬਾਨ।। ੩।। ੮।।
੧੦੨।।

ਇਹ ਸ਼ਬਦ ੪੧ ਦਿਨ ਜਪਣਾ ੧੦੧ ਵਾਰੀ ਰੋਜ਼, ਬਾਲਕ ਦੀ ਸਦਾ ਰਖਿਆ ਹੋਵੇ, ਪ੍ਰਤਾਪ ਵਧੇ।

ਸ਼ਬਦ ਨੰਬਰ ੫੨

ਖੇਤੀ ਵਿਚ ਬੀਜ ਸੁਟਣ ਵੇਲੇ ਜਾਂ ਕੋਈ ਬਗੀਚਾ ਲਾਉਣਾ ਹੋਵੇ ਤਾਂ ਪਹਿਲਾਂ ਇਹ ਜਾਪ ਕਰਨਾ

ਪਉੜੀ।। (ਪੰਨਾ-੫੫੪)

ਆਪੇ ਭਾਰ ਅਠਾਰਹ ਬਣਸਪਤਿ ਆਪੇ ਹੀ ਫਲ ਲਾਏ।। ਆਪੇ ਮਾਲੀ ਆਪਿ ਸਭੁ ਸਿੰਚੈ ਆਪੇ ਹੀ ਮੁਹਿ ਪਾਏ।। ਆਪੇ ਕਰਤਾ ਆਪੇ ਭੁਗਤਾ ਆਪੇ ਦੇਇ ਦਿਵਾਏ।। ਆਪੇ ਸਾਹਿਬੁ ਆਪੇ ਹੈ ਰਾਖਾ ਆਪੇ ਰਹਿਆ ਸਮਾਏ।। ਜਨੁ ਨਾਨਕ ਵਡਿਆਈ ਆਖੈ ਹਰਿ ਕਰਤੇ ਕੀ ਜਿਸ ਨੋ ਤਿਲੁ ਨ ਤਮਾਏ।। ੧੫।।

ਇਹ ਸ਼ਬਦ ੨੧ ਦਿਨ ਜਪਣਾ ੧੦੧ ਵਾਰ ਰੋਜ਼, ਫਿਰ ਬਾਗ ਬਗੀਚਾ ਲਾਵੇ ਜਾਂ ਖੇਤੀ ਵਿਚ ਬੀਜ ਸੁਟਣ ਵੇਲੇ ਤਾਂ ਬਹੁਤ ਫਲੇ ਫੁਲੇ।

ਸ਼ਬਦ ਨੰਬਰ ੫੩

ਸਰਬ ਕਾਰਜਾਂ ਦੀ ਸਿਧੀ ਲਈ ਜਪਣਾ

ਸੋਰਠਿ ਮਹਲਾ ੫।। (ਪੰਨਾ ੬੧੩)

ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ।। ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ।। ੧।। ਮਾਧੋ ਹਮ ਐਸੇ ਤੂ ਐਸਾ।। ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ।। ਰਹਾਉ।। ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡੁ ਦੇ ਪ੍ਰਾਨਾ।। ਨਿਰਗੁਨੀਆਰੇ ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ।। ੨।। ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ।। ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ ਬਾਲਾ।। ੩।। ਤੁਮ ਨਿਧਾਨ ਅਟਲ ਸੁਲਿਤਾਨ ਜੀਅ ਜੰਤ ਸਭਿ ਜਾਚੈ।। ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ।। ੪।। ੬।। ੧੭।।

ਇਹ ਸ਼ਬਦ ੨੧ ਦਿਨ ਜਪਣਾ ੧੦੧ ਵਾਰ ਰੋਜ਼। ਸਮੂਹ ਪਾਪਾਂ ਦਾ ਨਾਸ਼ ਹੋਵੇ। ਬੁਧ ਨਿਰਮਲ ਹੋਵੇ।

ਸ਼ਬਦ ਨੰਬਰ ੫੪

ਸਤਿਗੁਰ ਦੀ ਕਿਰਪਾ ਨਾਲ ਅਟਕੇ ਕਾਰਜ ਰਾਸ ਹੋਣ ਅਤੇ ਸਫਲਤਾ ਮਿਲੇ

ਆਸਾ ਮਹਲਾ ੫॥ (ਪੰਨਾ-੪੦੮)

ਕੋਊ ਬਿਖਮ ਗਾਰ ਤੋਰੈ॥ ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ॥ ੧॥ ਰਹਾਉ॥ ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ॥ ੧॥ ਸੰਤ ਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ॥ ਅਨਦਿਨੋ ਪ੍ਰਭ ਧਿਆਵਉ॥ ਭ੍ਰਮ ਭੀਤਿ ਜੀਤਿ ਮਿਟਾਵਉ॥ ਨਿਧਿ ਨਾਮੁ ਨਾਨਕ ਮੋਰੈ॥ ੨॥ ੩॥ ੧੫੪॥

ਇਸ ਸ਼ਬਦ ਦੇ ੧੦੧ ਪਾਠ ੨੧ ਦਿਨ ਕਰੋ ਵਿਗੜੇ ਕਾਰਜ ਨਿਰਵਿਘਨ ਸੰਪੂਰਨ ਹੋਣ।

SIKHBOOKCLUB.COM

ਸ਼ਬਦ ਨੰਬਰ ੫੫

ਦੁਸ਼ਮਣਾਂ ਤੇ ਵੈਰੀਆਂ ਦਾ ਨਾਸ ਹੋਵੇ ਤੇ ਪ੍ਰਮਾਤਮਾਂ ਦੀ ਕਿਰਪਾ ਹੋਵੇ।

ਬਿਲਾਵਲੁ ਮਹਲਾ ੫।। (ਪੰਨਾ-੮੨੩)

ਗੁਰਿ ਪੂਰੈ ਮੇਰੀ ਰਾਖਿ ਲਈ।। ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ।। ੧।। ਰਹਾਉ।। ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ।। ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ।। ੧।। ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ।। ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ।। ੨।। ੧੨।। ੯੮।।

ਇਹ ਸ਼ਬਦ ੪੧ ਦਿਨ ਜਪਣਾ ੧੦੧ ਵਾਰ ਨੇਮ ਨਾਲ, ਦੁਸ਼ਮਣਾਂ ਤੇ ਵੈਰੀਆਂ ਤੋਂ ਬਚਾ ਹੋਵੇ।

ਸ਼ਬਦ ਨੰਬਰ ੫੬

ਵਿਦਿਆ ਪ੍ਰਾਪਤ ਹੋਵੇ

ਆਸਾ ਮਹਲਾ ੧ ਚਉਪਦੇ॥ (ਪੰਨਾ-੩੫੬)

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥ ੧॥ ਘੁੰਗਰੂ ਵਾਜੈ ਜੇ ਮਨੁ ਲਾਗੈ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥ ੧॥ ਰਹਾਉ॥ ਆਸ ਨਿਰਾਸੀ ਤਉ ਸੰਨਿਆਸੀ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥ ੨॥ ਦਇਆ ਦਿਗੰਬਰੁ ਦੇਹ ਬੀਚਾਰੀ॥ ਆਪਿ ਮਰੈ ਅਵਰਾ ਨਹ ਮਾਰੀ ॥ ੩॥ ਏਕੁ ਤੂ ਹੋਰਿ ਵੇਸ ਬਹੁਤੇਰੇ॥ ਨਾਨਕੁ ਜਾਣੈ ਚੋਜ ਨ ਤੇਰੇ॥ ੪॥ ੨੫॥

ਇਸ ਸ਼ਬਦ ਦੇ ੧੦੧ ਪਾਠ ੪੧ ਦਿਨ ਕਰਨ ਨਾਲ ਸਫਲਤਾ ਪ੍ਰਾਪਤ ਹੋਵੇ॥

ਸ਼ਬਦ ਨੰਬਰ ੫੭

ਸੱਜਣਾਂ ਮਿੱਤਰਾਂ ਨਾਲ ਮਿਲਾਪ ਹੋਵੇ

ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨

ੴ ਸਤਿਗੁਰ ਪ੍ਰਸਾਦਿ॥ (ਪੰਨਾ-੭੫੭)

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥ ੧॥ ਦਰਸਨੁ ਹਰਿ ਦੇਖਣ ਕੈ ਤਾਈ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥ ੧॥ ਰਹਾਉ॥ ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ ੨॥ ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥ ੩॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ ੪॥ ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ ੫॥ ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥ ੬॥

ਇਸ ਸ਼ਬਦ ਦਾ ੨੧ ਦਿਨ ਹਰ ਰੋਜ਼ ੧੦੧ ਪਾਠ ਕਰਨ ਨਾਲ ਮਿੱਤਰਾਂ ਸਬੰਧੀਆਂ ਨਾਲ ਮਿਲਾਪ ਹੋਵੇ।

ਸ਼ਬਦ ਨੰਬਰ ੫੮

ਜ਼ਾਲਮ ਦਾ ਨਾਸ ਹੋਵੇ

ਗਉੜੀ ਮਹਲਾ ੫॥ (ਪੰਨਾ-੧੯੯)

ਗਰੀਬਾ ਉਪਰਿ ਜਿ ਖਿੰਜੈ ਦਾੜੀ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥ ੧॥ ਪੂਰਾ ਨਿਆਉ ਕਰੇ ਕਰਤਾਰੁ॥ ਅਪੁਨੇ ਦਾਸ ਕਉ ਰਾਖਨਹਾਰੁ॥ ੧॥ ਰਹਾਉ॥ ਆਦਿ ਜੁਗਾਦਿ ਪ੍ਰਗਟਿ ਪਰਤਾਪੁ॥ ਨਿੰਦਕੁ ਮੁਆ ਉਪਜਿ ਵਡ ਤਾਪੁ॥ ੨॥ ਤਿਨਿ ਮਾਰਿਆ ਜਿ ਰਖੈ ਨ ਕੋਇ॥ ਆਗੈ ਪਾਛੈ ਮੰਦੀ ਸੋਇ॥ ੩॥ ਅਪੁਨੇ ਦਾਸ ਰਾਖੈ ਕੰਠਿ ਲਾਇ॥ ਸਰਣਿ ਨਾਨਕ ਹਰਿ ਨਾਮੁ ਧਿਆਇ॥ ੪॥ ੯੮॥ ੧੬੭॥

ਜੇ ਕੋਈ ਦੁਸ਼ਟ ਆਦਮੀ ਤੁਹਾਡਾ ਘਾਤਕ ਬਣਿਆ ਹੈ ਤਾਂ ਪੱਛਮ ਦਿਸ਼ਾ ਵੱਲ ਮੂੰਹ ਕਰਕੇ ੧੦੮ ਪਾਠ ਰੋਜ਼ ਨਿਤਨੇਮ ਅਨੁਸਾਰ ੫੧ ਦਿਨ ਕਰੋ, ਉਸ ਦੁਸ਼ਟ ਦਾ ਭੋਗ ਪੈ ਜਾਵੇਗਾ।

ਸ਼ਬਦ ਨੰਬਰ ੫੯

ਈਸ਼ਵਰ ਦੀ ਭਗਤੀ ਤੇ ਦੁਨੀਆਂ ਦੇ ਸੁਖ ਤੇ ਖੁਸ਼ੀ ਹਾਸਲ ਕਰਨ ਲਈ ਅਰਦਾਸ

(ਸੁਖਮਨੀ ਸਾਹਿਬ ਵਿਚੋਂ) (ਪੰਨਾ-੨੬੮)

ਤੂ ਠਾਕੁਰੁ ਤੁਮ ਪਹਿ ਅਰਦਾਸਿ।। ਜੀਉ ਪਿੰਡੁ ਸਭੁ ਤੇਰੀ ਰਾਸਿ।। ਤੁਮ ਮਾਤ ਪਿਤਾ ਹਮ ਬਾਰਿਕ ਤੇਰੇ।। ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ।। ਕੋਇ ਨ ਜਾਨੈ ਤੁਮਰਾ ਅੰਤੁ।। ਊਚੇ ਤੇ ਊਚਾ ਭਗਵੰਤ।। ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ।। ਤੁਮ ਤੇ ਹੋਇ ਸੁ ਆਗਿਆਕਾਰੀ।। ਤੁਮਰੀ ਗਤਿ ਮਿਤਿ ਤੁਮ ਹੀ ਜਾਨੀ।। ਨਾਨਕ ਦਾਸ ਸਦਾ ਕੁਰਬਾਨੀ।। ੮।। ੪।।

ਇਸ ਸ਼ਬਦ ਦਾ ੫੧ ਦਿਨ ਹਰ ਰੋਜ਼ ੧੦੧ ਪਾਠ ਕਰਨ ਨਾਲ ਸਤਿਗੁਰ ਦੀ ਕਿਰਪਾ ਦੁਆਰਾ ਅਨੇਕਾਂ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ।

ਸ਼ਬਦ ਨੰਬਰ ੬੦

ਹਰ ਤਰ੍ਹਾਂ ਦੀ ਮੁਸ਼ਕਲ, ਭੀੜ ਤੇ ਬਿਪਤਾ ਆਦਿ ਤੋਂ ਬਚਾਉ ਵਾਸਤੇ

ਆਸਾ ਮਹਲਾ ੫॥ (ਪੰਨਾ ੪੦੩)

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥ ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ ੧॥ ਸੇਵਕ ਕਉ ਨਿਕਟੀ ਹੋਇ ਦਿਖਾਵੈ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥ ੧॥ ਰਹਾਉ॥ ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ॥ ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥ ੨॥ ੭॥ ੧੨੯॥

ਇਸ ਸ਼ਬਦ ਦੇ ੧੦੧ ਪਾਠ ੨੧ ਦਿਨ ਕਰਨ ਨਾਲ ਸਭ ਤਰ੍ਹਾਂ ਦੀਆਂ ਮੁਸ਼ਕਲਾਂ ਤੋਂ ਛੁਟਕਾਰਾ ਮਿਲਦਾ ਹੈ।

SIKHBOOKCLUB.COM

ਸ਼ਬਦ ਨੰਬਰ ੬੧

ਜਦ ਬੱਚਾ ਮਾਤਾ ਦੇ ਪੇਟ ਵਿਚ ਪ੍ਰਵੇਸ਼ ਕਰੇ ਤਾਂ ਰਖਿਆ ਲਈ ਸਤਵੇਂ ਮਹੀਨੇ ਜਾਪ ਸ਼ੁਰੂ ਕਰੇ।

ਸੋਰਠਿ ਮਹਲਾ ੫ ਘਰੁ ੨।। (ਪੰਨਾ-੬੧੩)

ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ।। ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ।। ੧।। ਮਾਧੌ ਤੂ ਠਾਕੁਰੁ ਸਿਰਿ ਮੋਰਾ।। ਈਹਾ ਊਹਾ ਤੁਹਾਰੋ ਧੋਰਾ।। ਰਹਾਉ।। ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ।। ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ।। ੨।। ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ।। ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ।। ੩।। ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ।। ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ।। ੪।। ੭।। ੧੮।।

ਇਹ ਸ਼ਬਦ ੪੧ ਦਿਨ ੧੦੮ ਰੋਜ਼ ਜਪੋ, ਬੱਚਾ ਬੁਧਵਾਨ ਤੇ ਵੱਡੀ ਉਮਰ ਵਾਲਾ ਪੈਦਾ ਹੋਵੇ ਅਠਰਾਹ ਲਈ ਜਪੇ।

ਸ਼ਬਦ ਨੰਬਰ ੬੨

ਰੱਖਿਆ ਵਾਸਤੇ ਜਪਣਾ

ਸੋਰਠਿ ਮਹਲਾ ੫॥ (ਪੰਨਾ ੬੨੦)

ਮੇਰਾ ਸਤਿਗੁਰੁ ਰਖਵਾਲਾ ਹੋਆ॥ ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ॥ ੧॥ ਰਹਾਉ॥ ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਕੀ ਲਾਜ ਰਖਾਈ॥ ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ॥ ੧॥ ਹਲਤੁ ਪਲਤੁ ਪ੍ਰਭ ਦੋਵੈ ਸਵਾਰੇ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ॥ ਅਟਲ ਬਚਨੁ ਨਾਨਕ ਗੁਰ ਤੇਰਾ ਸਫਲ ਕਰੁ ਮਸਤਕਿ ਧਾਰਿਆ॥ ੨॥ ੨੧॥ ੪੯॥

ਇਹ ਸ਼ਬਦ ੨੧ ਦਿਨ ਜਪੇ ੧੦੧ ਵਾਰ ਰੋਜ਼, ਸਰਬ ਰਖਿਆ ਹੋਵੇ, ਰੋਗ ਦੂਰ ਹੋਵਣ।

ਸ਼ਬਦ ਨੰਬਰ ੬੩

ਜਦ ਕੋਈ ਬੀਮਾਰੀ ਦਾ ਸਮਾਂ ਆਵੇ ਤਾਂ ਆਪਣੀ ਰਖਿਆ ਲਈ ਤੇ ਦੁਨੀਆਂ ਦੇ ਭਲੇ ਲਈ ਜਾਪ ਕਰਨਾ

ਸੋਰਠਿ ਮਹਲਾ ੫॥ (ਪੰਨਾ-੬੨੦)

ਦੁਰਤੁ ਗਵਾਇਆ ਹਰਿ ਪ੍ਰਭਿ ਆਪੇ ਸਭੁ ਸੰਸਾਰੁ ਉਬਾਰਿਆ॥ ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ ਅਪਣਾ ਬਿਰਦੁ ਸਮਾਰਿਆ॥੧॥ ਹੋਈ ਰਾਜੇ ਰਾਮ ਕੀ ਰਖਵਾਲੀ॥ ਸੂਖ ਸਹਜ ਆਨਦ ਗੁਣ ਗਾਵਹੁ ਮਨੁ ਤਨੁ ਦੇਹ ਸੁਖਾਲੀ ॥ ਰਹਾਉ॥ ਪਤਿਤ ਉਧਾਰਣੁ ਸਤਿਗੁਰੁ ਮੇਰਾ ਮੋਹਿ ਤਿਸ ਕਾ ਭਰਵਾਸਾ॥ ਬਖਸਿ ਲਏ ਸਭਿ ਸਚੈ ਸਾਹਿਬਿ ਸੁਣਿ ਨਾਨਕ ਕੀ ਅਰਦਾਸਾ॥ ੨॥ ੧੭॥ ੪੫॥

ਇਹ ਸ਼ਬਦ ੪੧ ਦਿਨ ੧੦੧ ਵਾਰੀ ਰੋਜ਼ ਜਪੇ, ਬੀਮਾਰੀ ਹਟੇ, ਦੁਨੀਆਂ ਦਾ ਤੇ ਆਪਣਾ ਭਲਾ ਹੋਵੇ।

ਸ਼ਬਦ ਨੰਬਰ ੬੪

ਪੁੱਤਰ ਪ੍ਰਾਪਤੀ ਲਈ ਜਦੋਂ ਹਮਲ ਸ਼ੁਰੂ ਹੋਵੇ ਜਾਪ ਕਰੇ

ਆਸਾ ਮਹਲਾ ੫।। (ਪੰਨਾ-੩੯੬)

ਸਤਿਗੁਰ ਸਾਚੈ ਦੀਆ ਭੇਜਿ।। ਚਿਰੁ ਜੀਵਨੁ ਉਪਜਿਆ ਸੰਜੋਗਿ।। ਉਦਰੈ ਮਾਹਿ ਆਇ ਕੀਆ ਨਿਵਾਸੁ।। ਮਾਤਾ ਕੈ ਮਨਿ ਬਹੁਤੁ ਬਿਗਾਸੁ।। ੧।। ਜੰਮਿਆ ਪੂਤੁ ਭਗਤੁ ਗੋਵਿੰਦ ਕਾ ।। ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ।। ਰਹਾਉ।। ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ।। ਮਿਟਿਆ ਸੋਗੁ ਮਹਾ ਅਨੰਦੁ ਥੀਆ।। ਗੁਰਬਾਣੀ ਸਖੀ ਅਨੰਦੁ ਗਾਵੈ।। ਸਾਚੇ ਸਾਹਿਬ ਕੈ ਮਨਿ ਭਾਵੈ।। ੨।। ਵਧੀ ਵੇਲਿ ਬਹੁ ਪੀੜੀ ਚਾਲੀ।। ਧਰਮ ਕਲਾ ਹਰਿ ਬੰਧਿ ਬਹਾਲੀ।। ਮਨ ਚਿੰਦਿਆ ਸਤਿਗੁਰੂ ਦਿਵਾਇਆ।। ਭਏ ਅਚਿੰਤ ਏਕ ਲਿਵ ਲਾਇਆ।। ੩।। ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ।। ਬੁਲਾਇਆ ਬੋਲੈ ਗੁਰ ਕੈ ਭਾਣਿ।। ਗੁਝੀ ਛੰਨੀ ਨਾਹੀ ਬਾਤ।। ਗੁਰੁ ਨਾਨਕੁ ਤੁਠਾ ਕੀਨੀ ਦਾਤਿ।। ੪।। ੭।। ੧੦੧।।

ਇਹ ਸ਼ਬਦ ੪੧ ਦਿਨ ਜਪੋ ੧੦੮ ਵਾਰੀ ਰੋਜ਼ ਪੁੱਤਰ ਪ੍ਰਾਪਤੀ ਲਈ ਤਾਂ ਪੁੱਤਰ ਭਾਗਾਂ ਵਾਲਾ ਪੈਦਾ ਹੋਵੇ।

ਸ਼ਬਦ ਨੰਬਰ ੬੫

ਹੰਕਾਰੀ ਦਾ ਹੰਕਾਰ ਟੁਟੇ

ਤਿਲੰਗ ਮਹਲਾ ੧।। (ਪੰਨਾ-੭੨੨)

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।। ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।। ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।। ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।। ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।। ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ।। ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ।। ੧।।

ਇਹ ਸ਼ਬਦ ਦੇ ੫੧ ਪਾਠ ੨੧ ਦਿਨ ਕਰੋ। ਵੱਡੇ ਤੋਂ ਵੱਡਾ ਅਭਿਮਾਨੀ ਸ਼ਰਨ ਪੈ ਜਾਵੇਗਾ।

SIKHBOOKCLUB.COM

ਸ਼ਬਦ ਨੰਬਰ ੬੬

ਸਾਇਆ ਦੂਰ ਹੋਵੇ

ਸੂਹੀ ਮਹਲਾ ੫।। (ਪੰਨਾ-੭੪੯)

ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ।। ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ।। ੧।। ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ।। ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ।। ੧।। ਰਹਾਉ।। ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ।। ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ।। ੨।। ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ।। ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ।। ੩।। ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ।। ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ।। ੪।। ੧੦।। ੫੭।।

ਇਹ ਸ਼ਬਦ ੧੦੧ ਵਾਰ ਰੋਜ਼ਾਨਾ ੪੧ ਦਿਨ ਜਪਣ ਨਾਲ ਹਰ ਪ੍ਰਕਾਰ ਦਾ ਛਾਇਆ ਛਪਾਇਆ ਦੂਰ ਹੋਵੇ, ਫਿਰ ਆਪ ਜਿਥੇ ਚਾਹੋ ਤੁਰੋ ਫਿਰੋ।

ਸ਼ਬਦ ਨੰਬਰ ੬੭

ਦੁਖ ਰੋਗ ਦੂਰ ਹੋਣ, ਸੁਖ ਪ੍ਰਾਪਤ ਹੋਵੇ

ਸੋਰਠਿ ਮਹਲਾ ੫।। (ਪੰਨਾ ੬੨੮)

ਪਰਮੇਸਰਿ ਦਿਤਾ ਬੰਨਾ।। ਦੁਖ ਰੋਗ ਕਾ ਡੇਰਾ ਭੰਨਾ।। ਅਨਦ ਕਰਹਿ ਨਰ ਨਾਰੀ।। ਹਰਿ ਹਰਿ ਪ੍ਰਭਿ ਕਿਰਪਾ ਧਾਰੀ।। ੧।। ਸੰਤਹੁ ਸੁਖੁ ਹੋਆ ਸਭ ਥਾਈ ।। ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ।। ਰਹਾਉ।। ਧੁਰ ਕੀ ਬਾਣੀ ਆਈ।। ਤਿਨਿ ਸਗਲੀ ਚਿੰਤ ਮਿਟਾਈ।। ਦਇਆਲ ਪੁਰਖ ਮਿਹਰਵਾਨਾ।। ਹਰਿ ਨਾਨਕ ਸਾਚੁ ਵਖਾਨਾ।। ੨।। ੧੩।। ੭੭।।

ਇਸ ਸ਼ਬਦ ਦਾ ੪੦ ਦਿਨ ੧੦੧ ਪਾਠ ਜਪਣ ਨਾਲ ਸਰੀਰ ਦੇ ਸਭ ਦੁਖ ਰੋਗ ਕਲੇਸ਼ ਦੂਰ ਹੋਣ ਤੇ ਸੁਖ ਪ੍ਰਾਪਤ ਹੋਣ।

ਸ਼ਬਦ ਨੰਬਰ ੬੮

ਸੀਤਲਾ ਤੋਂ ਰਖਿਆ ਵਾਸਤੇ ਜਪਣਾ

ਸੋਰਠਿ ਮਹਲਾ ੫॥ (ਪੰਨਾ ੬੨੭)

ਸਦਾ ਸਦਾ ਹਰਿ ਜਾਪੇ ॥
ਪ੍ਰਭ ਬਾਲਕ ਰਾਖੇ ਆਪੇ ॥
ਸੀਤਲਾ ਠਾਕਿ ਰਹਾਈ ॥
ਬਿਘਨ ਗਏ ਹਰਿ ਨਾਈ ॥ ੧॥
ਮੇਰਾ ਪ੍ਰਭੁ ਹੋਆ ਸਦਾ ਦਇਆਲਾ ॥
ਅਰਦਾਸਿ ਸੁਣੀ ਭਗਤ ਅਪੁਨੇ ਕੀ
ਸਭ ਜੀਅ ਭਇਆ ਕਿਰਪਾਲਾ ॥ ਰਹਾਉ॥
ਪ੍ਰਭ ਕਰਣ ਕਾਰਣ ਸਮਰਾਥਾ ॥
ਹਰਿ ਸਿਮਰਤ ਸਭੁ ਦੁਖੁ ਲਾਥਾ ॥
ਅਪਣੇ ਦਾਸ ਕੀ ਸੁਣੀ ਬੇਨੰਤੀ ॥
ਸਭ ਨਾਨਕ ਸੁਖਿ ਸਵੰਤੀ ॥ ੨॥ ੧੧॥
੭੫॥

ਇਹ ਸ਼ਬਦ ੪੧ ਦਿਨ ਰੋਜ਼ ੧੦੧ ਵਾਰ ਜਪੇ, ਸੀਤਲਾ ਤੋਂ ਰਖਿਆ ਹੋਵੇ।

SIKHBOOKCLUB.COM

ਸ਼ਬਦ ਨੰਬਰ ੬੯

ਰਖਿਆ ਲਈ

ਸੋਰਠਿ ਮਹਲਾ ੫॥ (ਪੰਨਾ-੬੨੬)

ਗੁਰ ਕਾ ਸਬਦੁ ਰਖਵਾਰੇ॥
ਚਉਕੀ ਚਉਗਿਰਦ ਹਮਾਰੇ॥
ਰਾਮ ਨਾਮਿ ਮਨੁ ਲਾਗਾ॥
ਜਮੁ ਲਜਾਇ ਕਰਿ ਭਾਗਾ॥ ੧॥
ਪ੍ਰਭ ਜੀ ਤੂ ਮੇਰੋ ਸੁਖਦਾਤਾ॥
ਬੰਧਨ ਕਾਟਿ ਕਰੇ ਮਨੁ ਨਿਰਮਲੁ
ਪੂਰਨ ਪੁਰਖੁ ਬਿਧਾਤਾ॥ ਰਹਾਉ॥
ਨਾਨਕ ਪ੍ਰਭੁ ਅਬਿਨਾਸੀ॥
ਤਾ ਕੀ ਸੇਵ ਨ ਬਿਰਥੀ ਜਾਸੀ॥
ਅਨਦ ਕਰਹਿ ਤੇਰੇ ਦਾਸਾ॥
ਜਪਿ ਪੂਰਨ ਹੋਈ ਆਸਾ॥ ੨॥ ੪॥ ੬੮॥

ਇਹ ਸ਼ਬਦ ੨੧ ਦਿਨ ਜਪਣਾ ੧੦੧ ਰੋਜ਼, ਰਖਿਆ ਹੋਵੇ, ਪਏ ਬੰਧਨ ਟੁੱਟਣ।

SIKHBOOKCLUB.COM

ਸ਼ਬਦ ਨੰਬਰ ੭੦

ਬੱਚੇ ਨੂੰ ਕੋਈ ਦੁਖ ਦਰਦ ਤਾਪ ਸੰਤਾਪ ਹੋਵੇ ਤਾਂ ਜਪਣਾ ਇਸ ਸ਼ਬਦ ਦਾ ਝਾੜਾ ਬੱਚੇ ਨੂੰ ਕਰਨਾ ਮੋਰ ਪੰਖ ਨਾਲ ਬੱਚਾ ਡਰਦਾ ਹੋਵੇ, ਛਾਇਆ ਹੋਵੇ, ਰੋਂਦਾ ਹੋਵੇ।

ਬਿਲਾਵਲੁ ਮਹਲਾ ੫।। (ਪੰਨਾ-੮੨੧)

ਤਾਪੁ ਲਾਹਿਆ ਗੁਰ ਸਿਰਜਨਹਾਰਿ।। ਸਤਿਗੁਰ ਅਪਨੇ ਕਉ ਬਲਿ ਜਾਈ ਜਿਨਿ ਪੈਜ ਰਖੀ ਸਾਰੈ ਸੰਸਾਰਿ।। ੧।। ਰਹਾਉ।। ਕਰੁ ਮਸਤਕਿ ਧਾਰਿ ਬਾਲਿਕੁ ਰਖਿ ਲੀਨੋ।। ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ ਦੀਨੋ।। ੧।। ਦਾਸ ਕੀ ਲਾਜ ਰਖੈ ਮਿਹਰਵਾਨੁ।। ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ।। ੨।। ੬।। ੮੬।।

ਇਹ ਸ਼ਬਦ ੪੦ ਦਿਨ ੧੦੧ ਰੋਜ਼ ਜਪੇ, ਬੱਚੇ ਦੇ ਸਭ ਦੁਖ ਦੂਰ ਹੋਣ।

ਸ਼ਬਦ ਨੰਬਰ ੭੧

ਸ੍ਰੀ ਅੰਮ੍ਰਿਤਸਰ ਤੋਂ ਬਾਹਰ ਵਸਦੇ ਪ੍ਰੇਮੀਆਂ ਨੂੰ ਅੰਮ੍ਰਿਤਸਰ ਸਰੋਵਰ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋਵੇ

ਸੋਰਠਿ ਮਹਲਾ ੫ ਘਰੁ ੩ ਦੁਪਦੇ (ਪੰਨਾ-੬੨੫)

ੴ ਸਤਿਗੁਰ ਪ੍ਰਸਾਦਿ॥

ਰਾਮਦਾਸ ਸਰੋਵਰਿ ਨਾਤੇ॥
ਸਭਿ ਉਤਰੇ ਪਾਪ ਕਮਾਤੇ॥
ਨਿਰਮਲ ਹੋਏ ਕਰਿ ਇਸਨਾਨਾ॥
ਗੁਰਿ ਪੂਰੈ ਕੀਨੇ ਦਾਨਾ॥ ੧॥
ਸਭਿ ਕੁਸਲ ਖੇਮ ਪ੍ਰਭਿ ਧਾਰੇ॥
ਸਹੀ ਸਲਾਮਤਿ ਸਭਿ ਥੋਕ ਉਬਾਰੇ
ਗੁਰ ਕਾ ਸਬਦੁ ਵੀਚਾਰੇ॥ ਰਹਾਉ॥
ਸਾਧਸੰਗਿ ਮਲੁ ਲਾਥੀ॥ ਪਾਰਬ੍ਰਹਮੁ ਭਇਓ ਸਾਥੀ॥ ਨਾਨਕ ਨਾਮੁ ਧਿਆਇਆ॥
ਆਦਿ ਪੁਰਖ ਪ੍ਰਭੁ ਪਾਇਆ॥ ੨॥ ੧॥ ੬੫॥

ਅੰਮ੍ਰਿਤ ਵੇਲੇ ਹਰ ਰੋਜ਼ ੪੦ ਦਿਨ ੧੦੮ ਵਾਰ ਇਸ ਸ਼ਬਦ ਦਾ ਪਾਠ ਕਰਨ ਨਾਲ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਦੇ ਪਵਿੱਤਰ ਇਸ਼ਨਾਨ ਦਾ ਫਲ ਮਿਲਦਾ ਹੈ।

ਸ਼ਬਦ ਨੰਬਰ ੭੨

ਸਫਰ ਵਿਚ ਕਦੇ ਕੋਈ ਸੰਕਟ ਨਾ ਆਵੇ

ਆਸਾ ਮਹਲਾ ੫॥ (ਪੰਨਾ-੩੭੬)

ਨਿਕਟਿ ਜੀਅ ਕੈ ਸਦ ਹੀ ਸੰਗਾ॥ ਕੁਦਰਤਿ ਵਰਤੈ ਰੂਪ ਅਰੁ ਰੰਗਾ॥ ੧॥ ਕਰ੍ਹੈ ਨ ਝੁਰੈ ਨਾ ਮਨੁ ਰੋਵਨਹਾਰਾ॥ ਅਵਿਨਾਸੀ ਅਵਿਗਤੁ ਅਗੋਚਰੁ ਸਦਾ ਸਲਾਮਤਿ ਖਸਮੁ ਹਮਾਰਾ॥ ੧॥ ਰਹਾਉ॥ ਤੇਰੇ ਦਾਸਰੇ ਕਉ ਕਿਸ ਕੀ ਕਾਣਿ॥ ਜਿਸ ਕੀ ਮੀਰਾ ਰਾਖੈ ਆਣਿ॥ ੨॥ ਜੋ ਲਉਡਾ ਪ੍ਰਭਿ ਕੀਆ ਅਜਾਤਿ॥ ਤਿਸੁ ਲਉਡੇ ਕਉ ਕਿਸ ਕੀ ਤਾਤਿ॥ ੩॥ ਵੇਮੁਹਤਾਜਾ ਵੇਪਰਵਾਹੁ॥ ਨਾਨਕ ਦਾਸ ਕਹਹੁ ਗੁਰ ਵਾਹੁ॥ ੪॥ ੨੧॥

ਜੇ ਪ੍ਰਦੇਸ ਜਾਣਾ ਹੋਵੇ ਜਾਂ ਜਹਾਜ਼ ਦਾ ਸਫਰ ਕਰਨਾ ਹੋਵੇ ਤਦ ਇਸ ਸ਼ਬਦ ਦਾ ੧੦੧ ਪਾਠ ੨੧ ਦਿਨ ਕਰ ਲੈਣ ਨਾਲ ਕਿਸੇ ਪ੍ਰਕਾਰ ਦਾ ਕਦੇ ਭੀ ਸੰਕਟ ਨਹੀਂ ਆਵੇਗਾ।

ਸ਼ਬਦ ਨੰਬਰ ੭੩

ਬੰਧਨ ਟੁਟਣ

ਆਸਾ ਮਹਲਾ ੫।। (ਪੰਨਾ ੩੭੩)

ਦੂਖ ਰੋਗ ਭਏ ਗਤੁ ਤਨੁ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ।। ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤਹੀ ਨ ਜਾਇ।। ੧।। ਤਪਤਿ ਬੁਝੀ ਗੁਰ ਸਬਦੀ ਮਾਇ।। ਬਿਨਸਿ ਗਇਓ ਤਾਪ ਸਭ ਸਹਸਾ ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ।। ੧।। ਰਹਾਉ।।

ਇਸ ਸ਼ਬਦ ਦਾ ੧੦੧ ਪਾਠ ਠੀਕ ੨੧ ਦਿਨ ਕਰੋ, ਸਹੁਰੇ ਘਰ ਵਾਲੇ ਅਧੀਨ ਹੋ ਜਾਣਗੇ।

SIKHBOOKCLUB.COM

ਸ਼ਬਦ ਨੰਬਰ ੧੪

ਕੋਹੜ ਰੋਗ ਦੂਰ ਹੋਵੇ

ਸੂਹੀ ਮਹਲਾ ੪।। (ਪੰਨਾ ੭੩੫)

ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ।। ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ।। ੧।। ਮੇਰੇ ਰਾਮ ਹਰਿ ਜਨ ਆਰੋਗ ਭਏ।। ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ।। ੧।। ਰਹਾਉ।।

ਇਸ ਸ਼ਬਦ ਦਾ ੧੦੧ ਪਾਠ ੪੧ ਦਿਨ ਕਰਨ ਨਾਲ ਕੋਹੜ ਦੂਰ ਹੋ ਜਾਂਦਾ ਹੈ। ਇਹ ਪਾਠ ਕਰਕੇ ਫਿਰ ਤਰਨ ਤਾਰਨ ਤਥਾ ਅੰਮ੍ਰਿਤਸਰ ਸਰੋਵਰ ਪਰ ੪੧ ਦਿਨ ਰੋਜ਼ ਇਸ਼ਨਾਨ ਕਰੋ।

SIKHBOOKCLUB.COM

ਸ਼ਬਦ ਨੰਬਰ ੭੫

ਅੱਧੇ ਸਿਰ ਦੀ ਪੀੜ ਹਟੇ

ਸੂਹੀ ਮਹਲਾ ੫।। (ਪੰਨਾ-੭੪੬)

ਤਉ ਮੈ ਆਇਆ ਸਰਨੀ ਆਇਆ।। ਭਰੋਸੈ ਆਇਆ ਕਿਰਪਾ ਆਇਆ।। ਜਿਉ ਭਾਵੈ ਤਿਉ ਰਾਖਹੁ ਸੁਆਮੀ ਮਾਰਗੁ ਗੁਰਹਿ ਪਠਾਇਆ।। ੧।। ਰਹਾਉ।। ਮਹਾ ਦੁਤਰੁ ਮਾਇਆ।। ਜੈਸੇ ਪਵਨੁ ਝੁਲਾਇਆ।। ੧।। ਸੁਨਿ ਸੁਨਿ ਹੀ ਡਰਾਇਆ।। ਕਰਰੋ ਧ੍ਰਮਰਾਇਆ।। ੨।। ਗ੍ਰਿਹ ਅੰਧ ਕੂਪਾਇਆ।। ਪਾਵਕੁ ਸਗਰਾਇਆ।। ੩।। ਗਹੀ ਓਟ ਸਾਧਾਇਆ।। ਨਾਨਕ ਹਰਿ ਧਿਆਇਆ।। ਅਬ ਮੈ ਪੂਰਾ ਪਾਇਆ।। ੪।। ੩।। ੪੬।।

ਇਸ ਸ਼ਬਦ ਦੇ ੧੦੮ ਪਾਠ ੨੧ ਦਿਨ ਕਰ ਲਓ। ਅੱਧੇ ਸਿਰ ਦੀ ਦਰਦ ਹਟ ਜਾਵੇਗੀ।

ਸ਼ਬਦ ਨੰਬਰ ੭੯

ਵਾਲ ਨਾ ਵਿੰਗਾ ਹੋਵੇ

ਸੂਹੀ ਮਹਲਾ ੫॥ (ਪੰਨਾ-੭੪੧)

ਗੁਰੁ ਪਰਮੇਸਰੁ ਕਰਣੈਹਾਰੁ॥ ਸਗਲ ਸ੍ਰਿਸਟਿ ਕਉ ਦੇ ਆਧਾਰੁ॥ ੧॥ ਗੁਰ ਕੇ ਚਰਣ ਕਮਲ ਮਨ ਧਿਆਇ॥ ਦੂਖੁ ਦਰਦੁ ਇਸੁ ਤਨ ਤੇ ਜਾਇ॥ ੧॥ ਰਹਾਉ॥ ਭਵਜਲਿ ਡੂਬਤ ਸਤਿਗੁਰੁ ਕਾਢੈ॥ ਜਨਮ ਜਨਮ ਕਾ ਟੂਟਾ ਗਾਢੈ॥ ੨॥ ਗੁਰ ਕੀ ਸੇਵਾ ਕਰਹੁ ਦਿਨੁ ਰਾਤਿ॥ ਸੂਖ ਸਹਜ ਮਨਿ ਆਵੈ ਸਾਂਤਿ॥ ੩॥ ਸਤਿਗੁਰ ਕੀ ਰੇਣੁ ਵਡਭਾਗੀ ਪਾਵੈ॥ ਨਾਨਕ ਗੁਰ ਕਉ ਸਦ ਬਲਿ ਜਾਵੈ॥ ੪॥ ੧੬॥ ੨੨॥

ਇਸ ਸ਼ਬਦ ਦਾ ੧੦੮ ਪਾਠ ੨੧ ਦਿਨ ਕਰਨ ਨਾਲ ਔਖੇ ਸਫਰ ਵਿਚ ਕੋਈ ਮੁਸ਼ਕਲ ਨ ਆਵੇ।

ਸ਼ਬਦ ਨੰਬਰ ੭੭

ਮੁਰਾਤਬਾ ਪ੍ਰਾਪਤ ਹੋਵੇ

ਬਿਲਾਵਲੁ ਮਹਲਾ ੫।। (ਪੰਨਾ-੮੧੭)

ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ।। ਸਫਲ ਸੇਵਾ ਪਾਰਬ੍ਰਹਮ ਕੀ ਤਾ ਕੀ ਨਹੀ ਹਾਨਿ।। ੧।। ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ।। ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ।। ੧।। ਰਹਾਉ।। ਸਰਣਿ ਪਰੇ ਚਰਣਾਰਬਿੰਦ ਜਨ ਪ੍ਰਭ ਕੇ ਪ੍ਰਾਨ।। ਸਹਜਿ ਸੁਭਾਇ ਨਾਨਕ ਮਿਲੇ ਜੋਤੀ ਜੋਤਿ ਸਮਾਨ।। ੨।। ੨।। ੬੬।।

ਇਸ ਸ਼ਬਦ ਦਾ ੧੦੧ ਪਾਠ ੪੦ ਦਿਨ ਕਰਨ ਨਾਲ ਸਤਿਕਾਰ ਵਧੇ।

ਸ਼ਬਦ ਨੰਬਰ ੭੮

ਸੁਹਾਗਵੰਤੀ ਰਹੇ

ਬਿਲਾਵਲੁ ਮਹਲਾ ੫ ਛੰਤ (ਪੰਨਾ-੮੪੫)
੧ੴ ਸਤਿਗੁਰ ਪ੍ਰਸਾਦਿ॥

ਮੰਗਲ ਸਾਜੁ ਭਇਆ ਪ੍ਰਭੁ ਅਪੁਨਾ ਗਾਇਆ ਰਾਮ॥ ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ॥ ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ॥ ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ॥ ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ॥ ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ॥ ੧॥

ਜੋ ਇਸਤਰੀ ਨੇਮ ਅਨੁਸਾਰ ੧੦੮ ਪਾਠ ੪੧ ਦਿਨ ਕਰ ਲਵੇ ਉਹ ਸੁਹਾਗਵੰਤੀ ਰਹੇਗੀ ਉਸ ਦੇ ਪਤੀ ਦੀ ਮ੍ਰਿਤੂ ਉਸ ਦੇ ਜੀਉਂਦੇ ਜੀ ਨਹੀਂ ਹੋਵੇਗੀ।

SIKHBOOKCLUB.COM

ਸ਼ਬਦ ਨੰਬਰ ੭੯

ਬੱਚਾ ਪ੍ਰਫੁਲਤ ਹੋਵੇ

ਬਿਲਾਵਲੁ ਮਹਲਾ ੫॥ (ਪੰਨਾ-੮੧੯)

ਰੋਗੁ ਮਿਟਾਇਆ ਆਪਿ ਪ੍ਰਭਿ ਉਪਜਿਆ ਸੁਖੁ ਸਾਂਤਿ॥ ਵਡ ਪਰਤਾਪੁ ਅਚਰਜ ਰੂਪੁ ਹਰਿ ਕੀਨ੍ਹੀ ਦਾਤਿ॥ ੧॥ ਗੁਰਿ ਗੋਵਿੰਦਿ ਕ੍ਰਿਪਾ ਕਰੀ ਰਾਖਿਆ ਮੇਰਾ ਭਾਈ॥ ਹਮ ਤਿਸ ਕੀ ਸਰਣਾਗਤੀ ਜੋ ਸਦਾ ਸਹਾਈ॥ ੧॥ ਰਹਾਉ॥ ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥ ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥ ੨॥ ੧੩॥ ੭੭॥

ਇਸ ਸ਼ਬਦ ਦਾ ੧੦੧ ਪਾਠ ੪੧ ਦਿਨ ਕਰਨ ਨਾਲ ਬੱਚਾ ਹਰ ਦੁਖ ਰੋਗ ਤੋਂ ਬਚ ਕੇ ਵਧੇ ਫੁਲੇ ਤੇ ਜਵਾਨੀਆਂ ਮਾਣੇ।

ਸ਼ਬਦ ਨੰਬਰ ੮੦

ਵਾਹਿਗੁਰੂ ਅਗੇ ਅਰਦਾਸ ਕਰਨੀ, ਦੁਖ ਰੋਗ ਸੰਤਾਪ ਨਾਸ ਹੋਵਣ

ਰਾਗ ਸੂਹੀ ਮਹਲਾ ੫ ਘਰੁ ੬ (ਪੰਨਾ-੭੪੬)

ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ॥ ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ॥ ੧॥ ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ॥ ੧॥ ਰਹਾਉ॥ ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ॥ ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ॥ ੨॥ ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ॥ ਹਉ ਕੁਰਬਾਣੀ ਤੇਰਿਆ ਸੇਵਕਾ ਜਿਨ੍ ਹਰਿ ਨਾਮੁ ਪਿਆਰਾ॥ ੩॥ ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ॥ ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ॥ ੪॥ ੧॥ ੪੭॥

ਇਹ ਸ਼ਬਦ ੪੧ ਦਿਨ ੧੦੧ ਰੋਜ਼ ਜਪੇ, ਦੁਖ ਰੋਗ ਸੰਤਾਪ ਦੂਰ ਹੋਵਣ।

ਸ਼ਬਦ ਨੰਬਰ ੮੧

ਵਪਾਰ ਕਰਨ ਲਈ ਪ੍ਰਦੇਸ ਜਾਣਾ ਹੋਵੇ ਤਾਂ ਪਹਿਲਾਂ ਏਹ ਜਾਪ ਕਰ ਲਵੋ

ਆਸਾ ਮਹਲਾ ੫॥ (ਪੰਨਾ-੩੮੫)

ਘਰ ਮਹਿ ਸੂਖ ਬਾਹਰਿ ਫੁਨਿ ਸੂਖਾ॥
ਹਰਿ ਸਿਮਰਤ ਸਗਲ ਬਿਨਾਸੇ ਦੂਖਾ॥ ੧॥
ਸਗਲ ਸੂਖ ਜਾਂ ਤੂੰ ਚਿਤਿ ਆਂਵੈਂ॥
ਸੋ ਨਾਮੁ ਜਪੈ ਜੋ ਜਨੁ ਤੁਧੁ ਭਾਵੈ॥ ੧॥ ਰਹਾਉ॥
ਤਨੁ ਮਨੁ ਸੀਤਲੁ ਜਪਿ ਨਾਮੁ ਤੇਰਾ॥
ਹਰਿ ਹਰਿ ਜਪਤ ਢਹੈ ਦੁਖ ਡੇਰਾ॥ ੨॥
ਹੁਕਮੁ ਬੂਝੈ ਸੋਈ ਪਰਵਾਨੁ॥
ਸਾਚੁ ਸਬਦੁ ਜਾ ਕਾ ਨੀਸਾਨੁ॥ ੩॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ॥
ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ॥ ੪॥
੮॥ ੫੯॥

ਇਹ ਸ਼ਬਦ ੪੧ ਦਿਨ ਜਪਣਾ ੧੦੧ ਵਾਰੀ ਹਰ ਰੋਜ਼, ਪ੍ਰਦੇਸ ਵਿਚ ਵਪਾਰ ਵਿਚ ਸੁਖਾਂ ਦੀ ਪ੍ਰਾਪਤੀ ਹੋਵੇ।

ਸ਼ਬਦ ਨੰ: ੮੨

ਦੇਹ ਅਰੋਗ ਹੋ ਜਾਵੇ

ਸੋਰਠਿ ਮਹਲਾ ੫ ॥

ਠਾਢਿ ਪਾਈ ਕਰਤਾਰੇ ॥ ਤਾਪੁ ਛੋਡਿ ਗਇਆ ਪਰਵਾਰੇ ॥ ਗੁਰਿ ਪੂਰੈ ਹੈ ਰਾਖੀ ॥ ਸਰਣਿ ਸਚੇ ਕੀ ਤਾਕੀ ॥ ੧ ॥ ਪਰਮੇਸਰੁ ਆਪਿ ਹੋਆ ਰਖਵਾਲਾ ॥ ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ ॥ ਰਹਾਉ ॥ ਹਰਿ ਹਰਿ ਨਾਮੁ ਦੀਓ ਦਾਰੂ ॥ ਤਿਨਿ ਸਗਲਾ ਰੋਗੁ ਬਿਦਾਰੂ ॥ ਅਪਣੀ ਕਿਰਪਾ ਧਾਰੀ ॥ ਤਿਨਿ ਸਗਲੀ ਬਾਤ ਸਵਾਰੀ ॥ ੨ ॥ ਪ੍ਰਭਿ ਅਪਨਾ ਬਿਰਦੁ ਸਮਾਰਿਆ ॥ ਹਮਰਾ ਗੁਣ ਅਵਗੁਣੁ ਨ ਬੀਚਾਰਿਆ ॥ ਗੁਰ ਕਾ ਸਬਦੁ ਭਇਓ ਸਾਖੀ ॥ ਤਿਨਿ ਸਗਲੀ ਲਾਜ ਰਾਖੀ ॥ ੩ ॥ ਬੋਲਾਇਆ ਬੋਲੀ ਤੇਰਾ ॥ ਤੂ ਸਾਹਿਬੁ ਗੁਣੀ ਗਹੇਰਾ ॥ ਜਪਿ ਨਾਨਕ ਨਾਮੁ ਸਚੁ ਸਾਖੀ ॥ ਅਪੁਨੇ ਦਾਸ ਕੀ ਪੈਜ ਰਾਖੀ ॥ ੪ ॥ ੬ ॥ ੫੬ ॥

ਜਦੋਂ ਕਿਸੇ ਇਲਾਜ ਨਾਲ ਵੀ ਰੋਗ ਦੂਰ ਨਾ ਹੁੰਦਾ ਹੋਵੇ ਤਾਂ ਇਸ ਸ਼ਬਦ ਨੂੰ ੪੦ ਦਿਨ ੬੦ ਵਾਰੀ ਹਰ ਰੋਜ਼ ਜਪੋ। ਦਵਾਈ ਅਸਰ ਕਰਨ ਲੱਗ ਪਵੇਗੀ। ਸਭ ਰੋਗ ਦੂਰ ਹੋ ਜਾਣਗੇ। ਦੇਹ ਅਰੋਗ ਹੋ ਜਾਵੇਗੀ। ਸਭ ਪ੍ਰਵਾਰ ਵਿਚ ਪ੍ਰਸੰਨਤਾ ਆ ਵੱਸੇਗੀ।

ਸ਼ਬਦ ਨੰ: ੮੩

ਗਿਆਨ ਦੀ ਪ੍ਰਾਪਤੀ ਹੋਵੇ

ਸਿਰੀਰਾਗੁ ਮਹਲਾ ੧ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਾਲਕ ਬੁਧਿ ਅਚੇਤੁ ॥ ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ ਹੇਤੁ ॥ ਮਾਤ ਪਿਤਾ ਸੁਤ ਨੇਹੁ ਘਨੇਰਾ ਮਾਇਆ ਮੋਹੁ ਸਬਾਈ ॥ ਸੰਜੋਗੀ ਆਇਆ ਕਿਰਤੁ ਕਮਾਇਆ ਕਰਣੀ ਕਾਰ ਕਰਾਈ ॥ ਰਾਮ ਨਾਮ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ ॥ ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਛੂਟਹਿਗਾ ਹਰਿ ਚੇਤਿ ॥੧ ॥

ਇਹ ਸ਼ਬਦ ੪੧ ਦਿਨ ਹਰ ਰੋਜ਼ ੧੦੧ ਵਾਰ ਜਪਣ ਨਾਲ ਗਿਆਨ ਤੇ ਵੈਰਾਗ ਦੀ ਪ੍ਰਾਪਤੀ ਹੁੰਦੀ ਹੈ। ਹਿਰਦਾ ਸ਼ੁੱਧ ਹੋ ਜਾਂਦਾ ਹੈ।

ਸ਼ਬਦ ਨੰਬਰ ੮੪

ਗਰਭ ਦੀ ਰਖਿਆ ਹੋਵੇ

ਬਿਲਾਵਲੁ ਮਹਲਾ ੫॥ (ਪੰਨਾ-੮੦੫)

ਮਾਤ ਗਰਭ ਮਹਿ ਹਾਥ ਦੇ ਰਾਖਿਆ॥ ਹਰਿ ਰਸੁ ਛੋਡਿ ਬਿਖਿਆ ਫਲੁ ਚਾਖਿਆ॥ ੧॥ ਭਜੁ ਗੋਬਿਦ ਸਭ ਛੋਡਿ ਜੰਜਾਲ॥ ਜਬ ਜਮੁ ਆਇ ਸੰਘਾਰੈ ਮੂੜੇ ਤਬ ਤਨੁ ਬਿਨਸਿ ਜਾਇ ਬੇਹਾਲ॥ ੧॥ ਰਹਾਉ॥ ਤਨੁ ਮਨੁ ਧਨੁ ਅਪਨਾ ਕਰਿ ਥਾਪਿਆ॥ ਕਰਨਹਾਰੁ ਇਕ ਨਿਮਖ ਨ ਜਾਪਿਆ॥ ੨॥ ਮਹਾ ਮੋਹ ਅੰਧ ਕੂਪ ਪਰਿਆ॥ ਪਾਰਬ੍ਰਹਮੁ ਮਾਇਆ ਪਟਲਿ ਬਿਸਰਿਆ॥ ੩॥ ਵਡੈ ਭਾਗਿ ਪ੍ਰਭ ਕੀਰਤਨੁ ਗਾਇਆ॥ ਸੰਤ ਸੰਗਿ ਨਾਨਕ ਪ੍ਰਭੁ ਪਾਇਆ॥ ੪॥ ੧੧॥ ੧੬॥

ਜਿਸ ਇਸਤਰੀ ਦਾ ਗਰਭ ਛਿਣ ਜਾਂਦਾ ਹੋਵੇ ਉਹ ਦੂਸਰੇ ਮਹੀਨੇ ਤੋਂ ਇਸ ਸ਼ਬਦ ਦਾ ਪਾਠ ੪੧ ਦਿਨ ਕਰੇ। ਗਰਭ ਸਥਿਰ ਰਹੇ ਅਤੇ ਪੁੱਤ੍ਰ ਉਤਪੰਨ ਹੋਵੇ।

SIKHBOOKCLUB.COM

ਸ਼ਬਦ ਨੰਬਰ ੮੫

ਪੇਟ ਦੇ ਰੋਗ ਤੇ ਦਰਦ ਫੌਰਨ ਹਟੇ

ਸੂਹੀ ਮਹਲਾ ੫॥ (ਪੰਨਾ-੭੪੨)

ਅਨਿਕ ਬੀਂਗ ਦਾਸ ਕੇ ਪਰਹਰਿਆ॥ ਕਰਿ ਕਿਰਪਾ ਪ੍ਰਭਿ ਅਪਨਾ ਕਰਿਆ॥ ੧॥ ਤੁਮਹਿ ਛਡਾਇ ਲੀਓ ਜਨੁ ਅਪਨਾ॥ ਉਰਝਿ ਪਰਿਓ ਜਾਲੁ ਜਗੁ ਸੁਪਨਾ॥ ੧॥ ਰਹਾਉ॥ ਪਰਬਤ ਦੋਖ ਮਹਾ ਬਿਕਰਾਲਾ॥ ਖਿਨ ਮਹਿ ਦੂਰਿ ਕੀਏ ਦਇਆਲਾ॥ ੨॥ ਸੋਗ ਰੋਗ ਬਿਪਤਿ ਅਤਿ ਭਾਰੀ॥ ਦੂਰਿ ਭਈ ਜਪਿ ਨਾਮੁ ਮੁਰਾਰੀ॥ ੩॥ ਦ੍ਰਿਸਟਿ ਧਾਰਿ ਲੀਨੋ ਲੜਿ ਲਾਇ ॥ ਹਰਿ ਚਰਣ ਗਹੇ ਨਾਨਕ ਸਰਣਾਇ॥ ੪॥ ੨੨॥ ੨੮॥

ਇਸ ਸ਼ਬਦ ਦਾ ੧੦੧ ਪਾਠ ੫੧ ਦਿਨ ਕਰ ਲੈਣ ਨਾਲ ਪੇਟ ਦੀ ਦਰਦ ਤੇ ਪੇਟ ਦੇ ਰੋਗ ਹਟਣ॥

SIKHBOOKCLUB.COM

ਸ਼ਬਦ ਨੰਬਰ ੮੬

ਗਰੀਬੀ ਦੂਰ ਹੋਵੇ

ਰਾਗੁ ਸੂਹੀ ਮਹਲਾ ੫ ਘਰੁ ੪ (ਪੰਨਾ-੭੪੫)

ੴ ਸਤਿਗੁਰ ਪ੍ਰਸਾਦਿ॥

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥ ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥ ੧॥ ਰਹਾਉ॥ ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ॥ ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ॥ ੧॥ ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ॥ ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ॥ ੨॥ ਨਗਰ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ॥ ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ॥ ੩॥ ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ॥ ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ॥ ੪॥ ੧॥ ੪੧॥

ਇਸ ਸ਼ਬਦ ਦਾ ੧੦੧ ਪਾਠ ੪੦ ਦਿਨ ਨੇਮ ਨਾਲ ਕਰੋ। ਯਕੀਨਨ ਗਰੀਬੀ ਦਲਿਦ੍ਰਤਾ ਦੂਰ ਹੋਵੇ।

ਸ਼ਬਦ ਨੰਬਰ ੯੭

ਸਤਿਗੁਰੂ ਜੀ ਦੀ ਕਿਰਪਾ ਨਾਲ ਸਦੀਵੀ ਅਨੰਦ ਪ੍ਰਾਪਤ ਹੋਵੇ

ਰਾਮਕਲੀ ਮਹਲਾ ੩ ਅਨੰਦੁ (ਪੰਨਾ-੯੧੭)
ੴ ਸਤਿਗੁਰ ਪ੍ਰਸਾਦਿ।।

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ।। ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ।। ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ।। ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ।। ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ।। ੧।।

(ਅਨੰਦ ਸਾਹਿਬ)

ਇਸ ਸ਼ਬਦ ਨੂੰ ੪੧ ਦਿਨ ਹਰ ਰੋਜ਼ ੧੦੧ ਵਾਰ, ਪ੍ਰੇਮ ਤੇ ਸਿਦਕ ਸ਼ਰਧਾ ਨਾਲ ਜਪੋ। ਪ੍ਰਭੂ ਦੀ ਮਿਹਰ ਨਾਲ ਹਰ ਸਮੇਂ ਘਰ ਵਿਚ ਅਨੰਦ ਬਣਿਆ ਰਹੇਗਾ।

SIKHBOOKCLUB.COM

ਸ਼ਬਦ ਨੰਬਰ ੮੮

ਚਾਰ ਪਦਾਰਥਾਂ ਦੀ ਪ੍ਰਾਪਤੀ ਹੋਵੇ, ਜਗਤ ਵਿਚ ਸੋਭਾ ਹੋਵੇ ਤੇ ਜਨਮ ਮਰਨ ਦਾ ਸੰਕਟ ਨਵਿਰਤ ਹੋਵੇ

ਗਉੜੀ ਸੁਖਮਨੀ ਮਹਲਾ ੫॥ (ਪੰਨਾ-੨੬੬)

ਚਾਰਿ ਪਦਾਰਥ ਜੇ ਕੋ ਮਾਗੈ॥
ਸਾਧ ਜਨਾ ਕੀ ਸੇਵਾ ਲਾਗੈ॥
ਜੇ ਕੋ ਆਪੁਨਾ ਦੂਖੁ ਮਿਟਾਵੈ॥
ਹਰਿ ਹਰਿ ਨਾਮੁ ਰਿਦੈ ਸਦ ਗਾਵੈ॥
ਜੇ ਕੋ ਅਪੁਨੀ ਸੋਭਾ ਲੋਰੈ॥
ਸਾਧਸੰਗਿ ਇਹ ਹਉਮੈ ਛੋਰੈ॥
ਜੇ ਕੋ ਜਨਮ ਮਰਣ ਤੇ ਡਰੈ॥
ਸਾਧ ਜਨਾ ਕੀ ਸਰਨੀ ਪਰੈ॥
ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥
ਨਾਨਕ ਤਾ ਕੈ ਬਲਿ ਬਲਿ ਜਾਸਾ॥ ੫॥

ਇਸ ਸ਼ਬਦ ਨੂੰ ੪੦ ਦਿਨ ੧੦੮ ਵਾਰ ਹਰ ਰੋਜ਼ ਜਪਣ ਨਾਲ ਧਰਮ, ਅਰਥ, ਕਾਮ, ਮੋਖ (ਚਾਰ ਪਦਾਰਥਾਂ) ਦੀ ਪ੍ਰਾਪਤੀ ਹੁੰਦੀ ਹੈ ਤੇ ਦੁਨੀਆਂ ਵਿਚ ਸ਼ੋਭਾ ਹੁੰਦੀ ਹੈ।

SIKHBOOKCLUB.COM

ਸ਼ਬਦ ਨੰਬਰ ੮੯

ਹਰ ਤਰ੍ਹਾਂ ਦੀ ਭੀੜਾਂ, ਬਿਪਤਾ, ਸੰਕਟ, ਮੁਕੱਦਮਾ, ਰੋਗ ਆਦਿ ਤੋਂ ਬਚਾਉ ਵਾਸਤੇ

ਆਸਾ ਮਹਲਾ ੫॥ (ਪੰਨਾ-੪੦੩)

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥ ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ ੧॥ ਸੇਵਕ ਕਉ ਨਿਕਟੀ ਹੋਇ ਦਿਖਾਵੈ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥ ੧॥ ਰਹਾਉ॥ ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ॥ ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥ ੨॥ ੭॥ ੧੨੯॥

ਇਸ ਸ਼ਬਦ ਨੂੰ ੪੧ ਦਿਨ ਹਰ ਰੋਜ਼ ੧੦੮ ਵਾਰ ਜਪੋ ਸਭ ਤਰ੍ਹਾਂ ਦੀਆਂ ਬਿਪਤਾਂ, ਦੁਖ, ਦਰਦ, ਕਲੇਸ਼ ਰੋਗ ਆਦਿ ਦੂਰ ਹੋਵਣ।

SIKHBOOKCLUB.COM

ਸ਼ਬਦ ਨੰਬਰ ੯੦

ਕਠਨ ਕੰਮ ਸੁਖੈਨ ਹੋ ਜਾਣ

ਬਿਲਾਵਲੁ ਮਹਲਾ ੫।। (ਪੰਨਾ-੮੦੯)

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ।। ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ।। ੧।। ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ।। ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ।। ੧।। ਰਹਾਉ।। ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ।। ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ।। ੨।। ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ।। ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ।। ੩।। ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ।। ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ।। ੪।। ੭।। ੩੭।।

ਮੁਸ਼ਕਲ ਤੋਂ ਮੁਸ਼ਕਲ ਕਾਰਜ ਸੁਖੈਨ ਹੀ ਹਲ ਹੋ ਜਾਣਗੇ ਪਰ ਜੇ ੪੧ ਦਿਨ ਵਿਧੀ ਅਨੁਸਾਰ ੧੦੧ ਪਾਠ ਹਰ ਰੋਜ਼ ਕਰੋ ਅਰ ਚਲੀਆ ਪੂਰਾ ਹੋ ਜਾਣ ਪਰ ਇਹ ਸ਼ਬਦ ਲਿਖ ਕੇ ਆਪਣੇ ਬਟੂਏ ਵਿਚ ਪਾਈ ਰਖੋ।

ਸ਼ਬਦ ਨੰਬਰ ੯੧

ਸਰਬ ਕਲਿਆਣ ਹੋਵੇ ਕਲੇਸ਼ ਰੋਗ ਮਿਟਣ ਸਿਰ ਤੋਂ ਮੁਕੱਦਮਾ ਤੇ ਦੁਸ਼ਮਣ ਹਟਣ

ਬਿਲਾਵਲੁ ਮਹਲਾ ੫॥ (ਪੰਨਾ-੮੨੬)

ਗੋਬਿਦੁ ਸਿਮਰਿ ਹੋਆ ਕਲਿਆਣੁ॥ ਮਿਟੀ ਉਪਾਧਿ ਭਇਆ ਸੁਖੁ ਸਾਚਾ ਅੰਤਰਜਾਮੀ ਸਿਮਰਿਆ ਜਾਣੁ ॥ ੧॥ ਰਹਾਉ॥ ਜਿਸ ਕੇ ਜੀਅ ਤਿਨਿ ਕੀਏ ਸੁਖਾਲੇ ਭਗਤ ਜਨਾ ਕਉ ਸਾਚਾ ਤਾਣੁ॥ ਦਾਸ ਅਪੁਨੇ ਕੀ ਆਪੇ ਰਾਖੀ ਭੈ ਭੰਜਨ ਊਪਰਿ ਕਰਤੇ ਮਾਣੁ॥ ੧॥ ਭਈ ਮਿਤ੍ਰਾਈ ਮਿਟੀ ਬੁਰਾਈ ਦ੍ਰੁਸਟ ਦੂਤ ਹਰਿ ਕਾਢੇ ਛਾਣਿ॥ ਸੂਖ ਸਹਜ ਆਨੰਦ ਘਨੇਰੇ ਨਾਨਕ ਜੀਵੈ ਹਰਿ ਗੁਣਹ ਵਖਾਣਿ॥ ੨॥ ੨੬॥ ੧੧੨॥

ਇਹ ਸ਼ਬਦੁ ੪੧ ਦਿਨ ਜਪਣਾ ੧੦੧ ਵੇਰ ਰੋਜ਼, ਸਭ ਕਲੇਸ਼ ਨਾਸ਼ ਹੋਣ ਤੇ ਸਰਬ ਕਲਿਆਣ ਹੋਵੇ। ਮੁਕੱਦਮੇ ਦੇ ਬੰਧਨਾਂ ਤੋਂ ਮੁਕਤ ਹੋਵੇ।

ਸ਼ਬਦ ਨੰਬਰ ੯੨

ਭਰਾਵਾਂ ਭਰਾਵਾਂ ਦੇ ਝਗੜੇ ਖਤਮ ਹੋਣ

ਗੋਂਡ ਮਹਲਾ ੫।। (ਪੰਨਾ-੮੬੫)

ਕਲਿ ਕਲੇਸ ਮਿਟੇ ਹਰਿ ਨਾਇ।। ਦੁਖ ਬਿਨਸੇ ਸੁਖ ਕੀਨੋ ਠਾਉ।। ਜਪਿ ਜਪਿ ਅੰਮ੍ਰਿਤ ਨਾਮੁ ਅਘਾਏ।। ਸੰਤ ਪ੍ਰਸਾਦਿ ਸਗਲ ਫਲ ਪਾਏ।। ੧।। ਰਾਮ ਜਪਤ ਜਨ ਪਾਰਿ ਪਰੇ।। ਜਨਮ ਜਨਮ ਕੇ ਪਾਪ ਹਰੇ ।। ੧।। ਰਹਾਉ।। ਗੁਰ ਕੇ ਚਰਨ ਰਿਦੈ ਉਰਿ ਧਾਰੇ ।। ਅਗਨਿ ਸਾਗਰ ਤੇ ਉਤਰੇ ਪਾਰੇ।। ਜਨਮ ਮਰਣ ਸਭ ਮਿਟੀ ਉਪਾਧਿ।। ਪ੍ਰਭ ਸਿਉ ਲਾਗੀ ਸਹਜਿ ਸਮਾਧਿ।। ੨।। ਥਾਨ ਥਨੰਤਰਿ ਏਕੋ ਸੁਆਮੀ।। ਸਗਲ ਘਟਾ ਕਾ ਅੰਤਰਜਾਮੀ।। ਕਰਿ ਕਿਰਪਾ ਜਾ ਕਉ ਮਤਿ ਦੇਇ।। ਆਠ ਪਹਰ ਪ੍ਰਭ ਕਾ ਨਾਉ ਲੇਇ।।੩।। ਜਾ ਕੈ ਅੰਤਰਿ ਵਸੈ ਪ੍ਰਭੁ ਆਪਿ।। ਤਾ ਕੈ ਹਿਰਦੈ ਹੋਇ ਪ੍ਰਗਾਸੁ।। ਭਗਤਿ ਭਾਇ ਹਰਿ ਕੀਰਤਨੁ ਕਰੀਐ।। ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ।। ੪।। ੧੦।। ੧੨।।

ਇਸ ਸ਼ਬਦ ਨੂੰ ੧੦੧ ਵਾਰੀ ੪੦ ਦਿਨ ਪੜ੍ਹਨ ਨਾਲ ਦੌਲਤ ਦੇ ਸਾਰੇ ਝਗੜੇ ਮਿਟ ਜਾਣ। ਇਹ ਸਾਧਨ ਘਰ ਦੇ ਬਜ਼ੁਰਗ ਕਰਨ।

ਸ਼ਬਦ ਨੰਬਰ ੯੩

ਦਿਲ ਦੀਆਂ ਚਿੰਤਾ ਦੂਰ ਹੋਵਣ, ਰੁਕੇ ਕੰਮ ਕਾਜ ਚਲ ਪੈਣ, ਤਰੱਕੀ ਹੋਵੇ

ਗਉੜੀ ਮਹਲਾ ੫॥ (ਪੰਨਾ-੧੯੨)

ਗੁਰ ਕਾ ਸਬਦੁ ਰਾਖੁ ਮਨ ਮਾਹਿ॥ ਨਾਮੁ ਸਿਮਰਿ ਚਿੰਤਾ ਸਭ ਜਾਹਿ॥ ੧॥ ਬਿਨੁ ਭਗਵੰਤ ਨਾਹੀ ਅਨ ਕੋਇ॥ ਮਾਰੈ ਰਾਖੈ ਏਕੋ ਸੋਇ॥ ੧॥ ਰਹਾਉ॥ ਗੁਰ ਕੇ ਚਰਣ ਰਿਦੈ ਉਰਿ ਧਾਰਿ॥ ਅਗਨਿ ਸਾਗਰੁ ਜਪਿ ਉਤਰਹਿ ਪਾਰਿ॥ ੨॥ ਗੁਰ ਮੂਰਤਿ ਸਿਉ ਲਾਇ ਧਿਆਨੁ॥ ਈਹਾ ਊਹਾ ਪਾਵਹਿ ਮਾਨੁ ॥ ੩॥ ਸਗਲ ਤਿਆਗਿ ਗੁਰ ਸਰਣੀ ਆਇਆ॥ ਮਿਟੇ ਅੰਦੇਸੇ ਨਾਨਕ ਸੁਖੁ ਪਾਇਆ॥ ੪॥ ੬੧॥ ੧੩੦॥

ਇਹ ਸ਼ਬਦ ੪੧ ਦਿਨ ਰੋਜ਼ ਜਪੋ ੧੦੮ ਵਾਰੀ ਮਨ ਦੇ ਦੁਖ ਚਿੰਤਾ ਦੂਰ ਹੋਣ, ਖੁਸ਼ੀ ਹੋਵੇ।

ਸ਼ਬਦ ਨੰਬਰ ੯੪

ਇਸ ਸ਼ਬਦ ਦਾ ਜਾਪ ਕਰਨ ਨਾਲ ਸਭ ਕੰਮਾਂ ਦੀ ਸਿਧੀ ਹੋ ਜਾਂਦੀ ਹੈ।

ਸੋਰਠਿ ਮਹਲਾ ੫।। (ਪੰਨਾ-੬੨੯)

ਗੁਰੁ ਪੂਰਾ ਆਰਾਧੇ।। ਕਾਰਜ ਸਗਲੇ ਸਾਧੇ।। ਸਗਲ ਮਨੋਰਥ ਪੂਰੇ।। ਬਾਜੇ ਅਨਹਦ ਤੂਰੇ ।। ੧।। ਸੰਤਹੁ ਰਾਮੁ ਜਪਤ ਸੁਖੁ ਪਾਇਆ।। ਸੰਤ ਅਸਥਾਨਿ ਬਸੇ ਸੁਖ ਸਹਜੇ ਸਗਲੇ ਦੂਖ ਮਿਟਾਇਆ ।। ੧।। ਰਹਾਉ।। ਗੁਰ ਪੂਰੇ ਕੀ ਬਾਣੀ।। ਪਾਰਬ੍ਰਹਮ ਮਨਿ ਭਾਣੀ।। ਨਾਨਕ ਦਾਸਿ ਵਖਾਣੀ।। ਨਿਰਮਲ ਅਕਥ ਕਹਾਣੀ।। ੨।। ੧੮।। ੮੨।।

ਇਹ ਸ਼ਬਦ ੨੧ ਦਿਨ ਰੋਜ਼ ਜਪੋ ੧੦੮ ਵਾਰੀ ਸਭ ਕਾਰਜ ਸਿਧ ਹੋਣ ਸਭ ਦੁਸ਼ਮਣਾਂ ਦਾ ਨਾਸ਼ ਹੋਵੇ, ਮੁਕੱਦਮਾ ਜਿਤੋ।

SIKHBOOKCLUB.COM

ਸ਼ਬਦ ਨੰਬਰ ੯੫

ਤਾਪ ਸੰਤਾਪ ਦੁਖ ਦੂਰ ਨਾਸ਼ ਹੋਵਣ, ਇਸਤਰੀ, ਬੱਚੇ ਨੂੰ ਇਸ ਸ਼ਬਦ ਦਾ ਝਾੜਾ ਕਰੇ

ਬਿਲਾਵਲੁ ਮਹਲਾ ੫॥ (ਪੰਨਾ-੮੨੫)

ਤਾਪ ਪਾਪ ਤੇ ਰਾਖੇ ਆਪ॥ ਸੀਤਲ ਭਏ ਗੁਰ ਚਰਨੀ ਲਾਗੇ ਰਾਮ ਨਾਮ ਹਿਰਦੇ ਮਹਿ ਜਾਪ॥ ੧॥ ਰਹਾਉ॥ ਕਰਿ ਕਿਰਪਾ ਹਸਤ ਪ੍ਰਭਿ ਦੀਨੇ ਜਗਤ ਉਧਾਰ ਨਵ ਖੰਡ ਪ੍ਰਤਾਪ॥ ਦੁਖ ਬਿਨਸੇ ਸੁਖ ਅਨਦ ਪ੍ਰਵੇਸਾ ਤ੍ਰਿਸਨ ਬੁਝੀ ਮਨ ਤਨ ਸਚੁ ਧ੍ਰਾਪ॥ ੧॥ ਅਨਾਥ ਕੋ ਨਾਥੁ ਸਰਣਿ ਸਮਰਥਾ ਸਗਲ ਸ੍ਰਿਸਟਿ ਕੋ ਮਾਈ ਬਾਪੁ॥ ਭਗਤਿ ਵਛਲ ਭੈ ਭੰਜਨ ਸੁਆਮੀ ਗੁਣ ਗਾਵਤ ਨਾਨਕ ਆਲਾਪ॥ ੨॥ ੨੦॥ ੧੦੬॥

ਇਹ ਸ਼ਬਦ ੪੧ ਦਿਨ ੧੦੧ ਪਾਠ ਰੋਜ਼ ਜਪੇ, ਤਾਪ ਸੰਤਾਪ ਸਭ ਦੂਰ ਹੋਣ।

ਸ਼ਬਦ ਨੰਬਰ ੯੬

ਚਿੰਤਾ ਦੂਰ ਹੋਵੇ ਤੇ ਸੁਖਾਂ ਦੀ ਪ੍ਰਾਪਤੀ ਹੋਵੇ

ਟੋਡੀ ਮਹਲਾ ੫।। (ਪੰਨਾ ੭੧੩)

ਸਤਿਗੁਰ ਆਇਓ ਸਰਣਿ ਤੁਹਾਰੀ।। ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ।। ੧।। ਰਹਾਉ।। ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ।। ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ।। ੧।। ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ।। ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ।। ੨।। ੪।। ੯।।

ਇਸ ਸ਼ਬਦ ਦਾ ੪੧ ਦਿਨ ੧੦੧ ਵਾਰ ਰੋਜ਼ ਪਾਠ ਕਰਨ ਨਾਲ ਦੁਨਿਆਵੀ ਚਿੰਤਾ ਦੂਰ ਹੋਵਣ ਤੇ ਹਰ ਤਰ੍ਹਾਂ ਦੇ ਸੁਖਾਂ ਦੀ ਪ੍ਰਾਪਤੀ ਹੋਵੇ।

SIKHBOOKCLUB.COM

ਸ਼ਬਦ ਨੰਬਰ ੯੭

ਪ੍ਰਭੂ ਦੇ ਘਰੋਂ ਸਰਬ ਪਦਾਰਥ ਪ੍ਰਾਪਤ ਹੋਵਣ

ਧਨਾਸਰੀ ਮਹਲਾ ੫॥ (ਪੰਨਾ-੬੮੨)

ਮਾਂਗਉ ਰਾਮ ਤੇ ਸਭਿ ਥੋਕ॥ ਮਾਨੁਖ ਕਉ ਜਾਚਤ ਸ੍ਰਮੁ ਪਾਈਐ ਪ੍ਰਭ ਕੈ ਸਿਮਰਨਿ ਮੋਖ॥ ੧॥ ਰਹਾਉ॥ ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾਂ ਬੇਦ ਪੁਕਾਰਹਿ ਘੋਖ॥ ਕ੍ਰਿਪਾ ਸਿੰਧੁ ਸੇਵਿ ਸਚੁ ਪਾਈਐ ਦੋਵੈ ਸੁਹੇਲੇ ਲੋਕ॥ ੧॥ ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ॥ ਨਾਨਕ ਜਨਮ ਮਰਣ ਭੈ ਕਾਟੇ ਮਿਲਿ ਸਾਧੂ ਬਿਨਸੇ ਸੋਕ॥ ੨॥ ੧੯॥ ੫੦॥

ਇਸ ਸ਼ਬਦ ਨੂੰ ੨੧ ਦਿਨ ੧੦੮ ਵਾਰ ਹਰ ਰੋਜ਼ ਜਪੋ। ਅਕਾਲ ਪੁਰਖ ਦੀ ਦਰਗਾਹ ਵਿਚੋਂ ਹਰ ਤਰ੍ਹਾਂ ਦੇ ਦੁਨਿਆਵੀ ਸੁਖ ਪ੍ਰਾਪਤ ਹੁੰਦੇ ਹਨ ਤੇ ਲੋੜਾਂ ਪੂਰੀਆਂ ਹੁੰਦੀਆਂ ਹਨ।

ਸ਼ਬਦ ਨੰਬਰ ੯੮

ਨਵੇਂ ਬਣਾਏ ਘਰ ਵਿਚ ਸੁਖ ਪੂਰਬਕ ਨਿਵਾਸ ਹੋਵੇ ਤੇ ਮਨਇੱਛਤ ਵਸਤੂ ਪ੍ਰਾਪਤ ਹੋਵੇ

ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨(ਪੰਨਾ-੭੬੪)
ੴ ਸਤਿਗੁਰ ਪ੍ਰਸਾਦਿ॥

ਹਮ ਘਰਿ ਸਾਜਨ ਆਏ॥ ਸਾਚੈ ਮੇਲਿ ਮਿਲਾਏ॥ ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ॥ ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ॥ ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ॥ ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥ ੧॥

ਇਸ ਸ਼ਬਦ ਦਾ ੪੧ ਦਿਨ ੧੦੧ ਵਾਰ ਹਰ ਰੋਜ਼ ਪਾਠ ਕਰਨ ਨਾਲ ਨਵੇਂ ਵਸਾਏ ਘਰ ਵਿਚ ਪ੍ਰਵਾਰ ਸਮੇਤ ਵਸਣ ਨਾਲ ਸੁਖ ਪ੍ਰਾਪਤ ਹੁੰਦਾ ਹੈ, ਮਨ ਚਿੰਦੇ ਪਦਾਰਥ ਮਿਲਦੇ ਹਨ। ਸੱਜਣਾਂ ਦਾ ਮੇਲ ਹੁੰਦਾ ਹੈ।

ਸ਼ਬਦ ਨੰਬਰ ੯੯

ਸ਼ੁਭ ਸਮਾਗਮ ਵਾਸਤੇ

ਸੂਹੀ ਮਹਲਾ ੫।। (ਪੰਨਾ-੭੮੩)

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ।। ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ।। ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ।। ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ।। ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ।। ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ।। ੧।।

ਇਸ ਸ਼ਬਦ ਦਾ ਪਾਠ ੧੦੮ ਵਾਰੀ ਕਰ ਕੇ ਸ਼ੁਭ ਸਮਾਗਮ ਦਾ ਆਰੰਭ ਕਰੋ ਗੁਰੂ ਅੰਗ ਸੰਗ ਹੋ ਕੇ ਸਹਾਇਤਾ ਕਰਨਗੇ।

SIKHBOOKCLUB.COM

ਸ਼ਬਦ ਨੰਬਰ ੧੦੦

ਚਾਰ ਪਦਾਰਥ ਦੀ ਪ੍ਰਾਪਤੀ ਹੋਵੇ

ਦੇਵਗੰਧਾਰੀ ਮਹਲਾ ੫।। (ਪੰਨਾ-੫੩੧)

ਅਪੁਨੇ ਹਰਿ ਪਹਿ ਬਿਨਤੀ ਕਹੀਐ।। ਚਾਰਿ ਪਦਾਰਥ ਅਨਦ ਮੰਗਲ ਨਿਧਿ ਸੂਖ ਸਹਜ ਸਿਧਿ ਲਹੀਐ ।। ੧।। ਰਹਾਉ।। ਮਾਨੁ ਤਿਆਗਿ ਹਰਿ ਚਰਨੀ ਲਾਗਉ ਤਿਸੁ ਪ੍ਰਭ ਅੰਚਲੁ ਗਹੀਐ।। ਆਂਚ ਨ ਲਾਗੈ ਅਗਨਿ ਸਾਗਰ ਤੇ ਸਰਨਿ ਸੁਆਮੀ ਕੀ ਅਹੀਐ।। ੧।। ਕੋਟਿ ਪਰਾਧ ਮਹਾ ਅਕ੍ਰਿਤਘਨ ਬਹੁਰਿ ਬਹੁਰਿ ਪ੍ਰਭ ਸਹੀਐ।। ਕਰੁਣਾ ਮੈ ਪੂਰਨ ਪਰਮੇਸੁਰ ਨਾਨਕ ਤਿਸੁ ਸਰਨਹੀਐ।। ੨।। ੧੭।।

ਇਹ ਸ਼ਬਦ ੧੦੮ ਵੇਰਾਂ ੨੧ ਦਿਨ ਸ਼ੁਧ ਪਵਿਤਰ ਰਹਿ ਕੇ ਪਾਠ ਕਰਨ ਨਾਲ ਧਰਮ, ਅਰਥ, ਕਾਮ, ਮੋਖ, ਚਾਰੇ ਪਦਾਰਥ ਪ੍ਰਾਪਤ ਹੋਣ।

ਸ਼ਬਦ ਨੰਬਰ ੧੦੧

ਰਾਜ ਦਰਬਾਰੋਂ ਸਿਰੋਪਾਓ ਮਿਲੇ

ਗੂਜਰੀ ਮਹਲਾ ੫॥ (ਪੰਨਾ-੫੦੦)

ਅਪਜਸੁ ਮਿਟੈ ਹੋਵੈ ਜਗਿ ਕੀਰਤਿ ਦਰਗਹ ਬੈਸਣੁ ਪਾਈਐ॥ ਜਮ ਕੀ ਤ੍ਰਾਸ ਨਾਸ ਹੋਇ ਖਿਨ ਮਹਿ ਸੁਖ ਅਨਦ ਸੇਤੀ ਘਰਿ ਜਾਈਐ ॥ ੧॥ ਜਾ ਤੇ ਘਾਲ ਨ ਬਿਰਥੀ ਜਾਈਐ॥ ਆਠ ਪਹਰ ਸਿਮਰਹੁ ਪ੍ਰਭੁ ਅਪਨਾ ਮਨਿ ਤਨਿ ਸਦਾ ਧਿਆਈਐ ॥ ੧॥ ਰਹਾਉ॥ ਮੋਹਿ ਸਰਨਿ ਦੀਨ ਦੁਖ ਭੰਜਨ ਤੂੰ ਦੇਹਿ ਸੋਈ ਪ੍ਰਭ ਪਾਈਐ॥ ਚਰਣ ਕਮਲ ਨਾਨਕ ਰੰਗਿ ਰਾਤੇ ਹਰਿ ਦਾਸਹ ਪੈਜ ਰਖਾਈਐ॥ ੨॥ ੧੩॥ ੨੨॥

ਨਿਸਚੇ ਨਾਲ ੪੧ ਦਿਨ ੧੦੧ ਪਾਠ ਕਰੋ। ਰਾਜ ਦਰਬਾਰ ਤੋਂ ਸਿਰੋਪਾਓ ਪ੍ਰਾਪਤ ਹੋਵੇ ਅਤੇ ਖਿਤਾਬ ਮਿਲੇ।

ਸ਼ਬਦ ਨੰਬਰ ੧੦੨

ਫਾਂਸੀ ਤੋਂ ਛੁਟਕਾਰਾ ਹੋਵੇ

ਰਾਗੁ ਬਿਲਾਵਲੁ ਮਹਲਾ ੯ ਦੁਪਦੇ (ਪੰਨਾ ੮੩੦)
ੴ ਸਤਿਗੁਰ ਪ੍ਰਸਾਦਿ॥

ਦੁਖ ਹਰਤਾ ਹਰਿ ਨਾਮੁ ਪਛਾਨੋ॥ ਅਜਾਮਲੁ ਗਨਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥ ੧॥ ਰਹਾਉ॥ ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ॥ ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ॥ ੧॥ ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ॥ ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ॥ ੨॥ ੧॥

ਇਹ ਸ਼ਬਦ ੨੧ ਦਿਨ ੧੦੮ ਪਾਠ ਕਰ ਲੈਣ ਨਾਲ ਫਾਂਸੀ ਦਾ ਹੁਕਮ ਹੋਇਆ ਟਲੇ ਤੇ ਰਹਿਮਤ ਦਾ ਆਰਡਰ ਜਾਰੀ ਹੋ ਜਾਵੇ।

ਸ਼ਬਦ ਨੰਬਰ ੧੦੩

ਉਜਲ ਬੁਧੀ ਤੇ ਗਿਆਨ ਦਾ ਪ੍ਰਕਾਸ਼ ਹੋਵੇ

ਆਸਾ ਮਹਲਾ ੫॥ (ਪੰਨਾ-੩੭੭)

ਬੁਧਿ ਪ੍ਰਗਾਸ ਭਈ ਮਤਿ ਪੂਰੀ॥ ਤਾ ਤੇ ਬਿਨਸੀ ਦੁਰਮਤਿ ਦੂਰੀ॥ ੧॥ ਐਸੀ ਗੁਰਮਤਿ ਪਾਈਅਲੇ॥ ਬੂਡਤ ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈ ਰੇ॥ ੧॥ ਰਹਾਉ॥ ਮਹਾ ਅਗਾਹ ਅਗਨਿ ਕਾ ਸਾਗਰੁ॥ ਗੁਰੁ ਬੋਹਿਥੁ ਤਾਰੇ ਰਤਨਾਗਰੁ॥ ੨॥ ਦੁਤਰ ਅੰਧ ਬਿਖਮ ਇਹ ਮਾਇਆ॥ ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ॥ ੩॥ ਜਾਪ ਤਾਪ ਕਛੁ ਉਕਤਿ ਨ ਮੋਰੀ॥ ਗੁਰ ਨਾਨਕ ਸਰਣਾਗਤਿ ਤੋਰੀ॥ ੪॥ ੨੬॥

ਇਸ ਸ਼ਬਦ ਦਾ ੧੦੧ ਪਾਠ ੪੧ ਦਿਨ ਕਰਨ ਨਾਲ ਗਿਆਨ ਦੀ ਪ੍ਰਾਪਤੀ ਹੋਵੇ ਅਤੇ ਬੁਧੀ ਤੇਜ ਹੋਵੇ।

ਸ਼ਬਦ ਨੰਬਰ ੧੦੪

ਸੰਤਾਨ ਦਾ ਸੁਖ,
ਘਰ ਵਿਚ ਸ਼ਾਂਤੀ ਕਾਰੋਬਾਰ ਵਿਚ ਵਾਧਾ

ਸਿਰੀ ਰਾਗੁ ਮਹਲਾ ੫॥ (ਪੰਨਾ ੪੭)

ਮੇਰਾ ਤਨੁ ਅਰੁ ਧਨੁ ਮੇਰਾ ਰਾਜ ਰੂਪ ਮੈ ਦੇਸੁ॥ ਸੁਤ ਦਾਰਾ ਬਨਿਤਾ ਅਨੇਕ ਬਹੁਤੁ ਰੰਗ ਅਰੁ ਵੇਸ॥ ਹਰਿ ਨਾਮੁ ਰਿਦੈ ਨ ਵਸਈ ਕਾਰਜਿ ਕਿਤੈ ਨ ਲੇਖਿ॥ ੧॥ ਮੇਰੇ ਮਨ ਹਰਿ ਹਰਿ ਨਾਮੁ ਧਿਆਇ॥ ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ॥ ੧॥ ਰਹਾਉ॥ ਨਾਮੁ ਨਿਧਾਨੁ ਧਿਆਈਐ ਮਸਤਕਿ ਹੋਵੈ ਭਾਗੁ॥ ਕਾਰਜ ਸਭਿ ਸਵਾਰੀ - ਅਹਿ ਗੁਰ ਕੀ ਚਰਣੀ ਲਾਗੁ॥ ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਗੁ॥ ੨॥ ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ॥ ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ॥ ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ॥ ੩॥ ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ ਹਾਥਿ॥ ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ॥ ਨਾਨਕ ਪ੍ਰਭ ਸਰਣਾਗਤੀ ਸਰਬ ਘਟਾ ਕੇ ਨਾਥ॥ ੪॥ ੧੫॥ ੮੫॥

ਇਸ ਸ਼ਬਦ ਦਾ ੧੦੧ ਪਾਠ ੪੧ ਦਿਨ ਰੋਜ਼ਾਨਾ ਕਰੋ। ਪਰਿਵਾਰ ਵਿਚ ਸੁਖ ਸ਼ਾਂਤੀ, ਪਤੀ ਪਤਨੀ ਵਿਚ ਪਿਆਰ ਤੇ ਕੰਮ ਕਾਰ ਵਿਚ ਤਰੱਕੀ ਹੋਵੇ।

ਸ਼ਬਦ ਨੰਬਰ ੧੦੫

ਪ੍ਰਦੇਸ ਗਿਆ ਪਤੀ ਘਰ ਵਾਪਸ ਆਵੇ

ਆਸਾ ਮਹਲਾ ੫।। (ਪੰਨਾ-੩੮੪)

ਦੂਖੁ ਘਨੋ ਜਬ ਹੋਤੇ ਦੂਰਿ।। ਅਬ ਮਸਲਤਿ ਮੋਹਿ ਮਿਲੀ ਹਦੂਰਿ।। ੧।। ਚੁਕਾ ਨਿਹੋਰਾ ਸਖੀ ਸਹੇਰੀ।। ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ ।। ੧।। ਰਹਾਉ।। ਨਿਕਟਿ ਆਨਿ ਪ੍ਰਿਅ ਸੇਜ ਧਰੀ।। ਕਾਣਿ ਕਢਨ ਤੇ ਛੂਟਿ ਪਰੀ ।। ੨।। ਮੰਦਰਿ ਮੇਰੈ ਸਬਦਿ ਉਜਾਰਾ।। ਅਨਦ ਬਿਨੋਦੀ ਖਸਮੁ ਹਮਾਰਾ।। ੩।। ਮਸਤਕਿ ਭਾਗੁ ਮੈ ਪਿਰੁ ਘਰਿ ਆਇਆ।। ਥਿਰੁ ਸੋਹਾਗੁ ਨਾਨਕ ਜਨ ਪਾਇਆ।। ੪।। ੨।। ੫੩।।

ਇਹ ਸ਼ਬਦ ੪੦ ਦਿਨ ਰੋਜ਼ਾਨਾ ੧੦੧ ਵਾਰ ਪਾਠ ਕਰੇ ਤਾਂ ਪ੍ਰਦੇਸੋਂ ਪਤੀ ਵਾਪਸ ਆਵੇ, ਵਿਛੜੇ ਸੱਜਣਾਂ ਨਾਲ ਮੇਲ ਹੋਵੇ।

ਸ਼ਬਦ ਨੰਬਰ ੧੦੬

ਸਾਰੇ ਕੰਮ ਕਾਰ ਠੀਕ ਹੋਣ

ਡਰ ਭਉ ਸਭ ਦੂਰ ਹਟੇ

ਗੋਂਡ ਮਹਲਾ ੫॥ (ਪੰਨਾ-੮੬੮)

ਨਾਮੁ ਨਿਰੰਜਨੁ ਨੀਰਿ ਨਰਾਇਣ॥ ਰਸਨਾ ਸਿਮਰਤ ਪਾਪ ਬਿਲਾਇਣ ॥ ੧॥ ਰਹਾਉ॥ ਨਾਰਾਇਣ ਸਭ ਮਾਹਿ ਨਿਵਾਸ ॥ ਨਾਰਾਇਣ ਘਟਿ ਘਟਿ ਪਰਗਾਸ॥ ਨਾਰਾਇਣ ਕਹਤੇ ਨਰਕਿ ਨ ਜਾਹਿ॥ ਨਾਰਾਇਣ ਸੇਵਿ ਸਗਲ ਫਲ ਪਾਹਿ॥ ੧॥ ਨਾਰਾਇਣ ਮਨ ਮਾਹਿ ਅਧਾਰ॥ ਨਾਰਾਇਣ ਬੋਹਿਥ ਸੰਸਾਰ॥ ਨਾਰਾਇਣ ਕਹਤ ਜਮੁ ਭਾਗਿ ਪਲਾਇਣ॥ ਨਾਰਾਇਣ ਦੰਤ ਭਾਨੇ ਡਾਇਣ॥ ੨॥ ਨਾਰਾਇਣ ਸਦ ਸਦ ਬਖਸਿੰਦ॥ ਨਾਰਾਇਣ ਕੀਨੇ ਸੂਖ ਅਨੰਦ॥ ਨਾਰਾਇਣ ਪ੍ਰਗਟ ਕੀਨੋ ਪਰਤਾਪ॥ ਨਾਰਾਇਣ ਸੰਤ ਕੋ ਮਾਈ ਬਾਪ ॥ ੩॥ ਨਾਰਾਇਣ ਸਾਧਸੰਗਿ ਨਰਾਇਣ॥ ਬਾਰੰ ਬਾਰ ਨਰਾਇਣ ਗਾਇਣ ॥ ਬਸਤੁ ਅਗੋਚਰ ਗੁਰ ਮਿਲਿ ਲਹੀ॥ ਨਾਰਾਇਣ ਓਟ ਨਾਨਕ ਦਾਸ ਗਹੀ॥ ੪॥ ੧੭॥ ੧੯॥

ਇਹ ਸ਼ਬਦ ੧੦੧ ਵਾਰੀ ਰੋਜ਼ ੪੧ ਦਿਨ ਜਪਣ ਨਾਲ ਸਾਰੇ ਕਾਰਜ ਰਾਸ ਹੋਣ, ਡਰ ਭੈ ਹਟੇ।

ਸ਼ਬਦ ਨੰਬਰ ੧੦੭

ਰਾਸ ਪੂੰਜੀ ਵਿਚ ਲਹਿਰ ਬਹਿਰ ਹੋਵੇ

ਬਿਲਾਵਲੁ ਮਹਲਾ ੫॥ (ਪੰਨਾ-੮੦੪)

ਸਗਲ ਮਨੋਰਥ ਪਾਈਅਹਿ ਮੀਤਾ॥ ਚਰਨ ਕਮਲ ਸਿਉ ਲਾਈਐ ਚੀਤਾ॥ ੧॥ ਹਉ ਬਲਿਹਾਰੀ ਜੋ ਪ੍ਰਭੂ ਧਿਆਵਤ॥ ਜਲਨਿ ਬੁਝੈ ਹਰਿ ਹਰਿ ਗੁਨ ਗਾਵਤ॥ ੧॥ ਰਹਾਉ॥ ਸਫਲ ਜਨਮੁ ਹੋਵਤ ਵਡਭਾਗੀ॥ ਸਾਧਸੰਗਿ ਰਾਮਹਿ ਲਿਵ ਲਾਗੀ॥ ੨॥ ਮਤਿ ਪਤਿ ਧਨੁ ਸੁਖ ਸਹਜ ਅਨੰਦਾ॥ ਇਕ ਨਿਮਖ ਨ ਵਿਸਰਹੁ ਪਰਮਾਨੰਦਾ॥ ੩॥ ਹਰਿ ਦਰਸਨ ਕੀ ਮਨਿ ਪਿਆਸ ਘਨੇਰੀ॥ ਭਨਤਿ ਨਾਨਕ ਸਰਣਿ ਪ੍ਰਭ ਤੇਰੀ॥ ੪॥ ੮॥ ੧੩॥

ਨੇਮ ਅਨੁਸਾਰ ਇਸ ਸ਼ਬਦ ਦਾ ੧੦੧ ਪਾਠ ੪੧ ਦਿਨ ਕਰਨ ਨਾਲ ਤੁਹਾਡੀ ਰਾਸ ਪੂੰਜੀ ਵਿਚ ਵਾਧਾ ਹੋਵੇਗਾ ਤੇ ਲਹਿਰ ਬਹਿਰ ਹੋ ਜਾਵੇਗੀ।

ਸ਼ਬਦ ਨੰਬਰ ੧੦੮

ਪੁਤਰ ਦੀ ਰਖਿਆ ਹੋਵੇ

ਗੋਂਡ ਮਹਲਾ ੫।। (ਪੰਨਾ-੮੬੬)

ਕਰਿ ਕਿਰਪਾ ਸੁਖ ਅਨਦ ਕਰੇਇ।। ਬਾਲਕ ਰਾਖਿ ਲੀਏ ਗੁਰਦੇਵਿ।। ਪ੍ਰਭ ਕਿਰਪਾਲ ਦਇਆਲ ਗੋੁਬਿੰਦ।। ਜੀਅ ਜੰਤ ਸਗਲੇ ਬਖਸਿੰਦ।। ੧।। ਤੇਰੀ ਸਰਣਿ ਪ੍ਰਭ ਦੀਨ ਦਇਆਲ।। ਪਾਰਬ੍ਰਹਮ ਜਪਿ ਸਦਾ ਨਿਹਾਲ।। ੧।। ਰਹਾਉ।। ਪ੍ਰਭ ਦਇਆਲ ਦੂਸਰ ਕੋਈ ਨਾਹੀ।। ਘਟ ਘਟ ਅੰਤਰਿ ਸਰਬ ਸਮਾਹੀ।। ਅਪਨੇ ਦਾਸ ਕਾ ਹਲਤੁ ਪਲਤੁ ਸਵਾਰੈ।। ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਾਰੈ।। ੨।। ਅਉਖਧ ਕੋਟਿ ਸਿਮਰਿ ਗੋਬਿੰਦ।। ਤੰਤੁ ਮੰਤੁ ਭਜੀਐ ਭਗਵੰਤ।। ਰੋਗ ਸੋਗ ਮਿਟੇ ਪ੍ਰਭ ਧਿਆਏ।। ਮਨ ਬਾਂਛਤ ਪੂਰਨ ਫਲ ਪਾਏ।। ੩।। ਕਰਨ ਕਾਰਨ ਸਮਰਥ ਦਇਆਰ।। ਸਰਬ ਨਿਧਾਨ ਮਹਾ ਬੀਚਾਰ।। ਨਾਨਕ ਬਖਸਿ ਲੀਏ ਪ੍ਰਭਿ ਆਪਿ।। ਸਦਾ ਸਦਾ ਏਕੋ ਹਰਿ ਜਾਪਿ।।੪।।੧੩।।੧੫।।

ਪ੍ਰਦੇਸ ਵਿਚ ਗਏ ਪੁੱਤਰ ਦੀ ਪੂਰੀ ਪੂਰੀ ਰਖਿਆ ਹੋਵੇ। ਉਸ ਦਾ ਵਾਲ ਵਿੰਗਾ ਨਹੀਂ ਹੋਵੇਗਾ। ਮਾਤਾ ਜਾਂ ਪਿਤਾ ਇਹ ਸ਼ਬਦ ਰੋਜ਼ ਪੜ੍ਹਨ ੪੦ ਦਿਨ।